# ਭਾਖਾ ਦੇ ਮਾਮਲਿਆਂ ਬਾਰੇ ਕੌਮਾਂਤਰੀ ਖੋਜ
# ਮਾਤ ਭਾਖਾ ਖੋਲ੍ਹਦੀ ਏ ਸਿੱਖਿਆ, ਗਿਆਨ, ਅਤੇ ਅੰਗਰੇਜੀ ਦੇ ਬੂਹੇ

**ਡਾ. ਜੋਗਾ ਸਿੰਘ,** ਪੀਐੱਚ.ਡੀ. (ਯੌਰਕ, ਯੂ.ਕੇ.)
**ਕਾਮਨਵੈਲਥ ਵਜੀਫਾ ਪ੍ਰਾਪਤ** (੧੯੯੦-੯੩)
**ਪ੍ਰੋਫੈਸਰ (ਸੇਵਾਮੁਕਤ) ਤੇ ਸਾਬਕਾ ਮੁਖੀ,** ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ,
**ਸਾਬਕਾ ਡਾਇਰੈਕਟਰ,** ਸੈਂਟਰ ਫ਼ਾਰ ਡਾਇਸਪੋਰਾ ਸਟੱਡੀਜ, ਪੰਜਾਬੀ, ਯੂਨੀਵਰਸਿਟੀ, ਪਟਿਆਲਾ।
**ਕੋਆਰਡੀਨੇਟਰ,** ਪੰਜਾਬੀ ਸੰਪਾਦਕੀ ਸਮੂਹ, ਰਾਸ਼ਟਰੀ ਅਨੁਵਾਦ ਮਿਸ਼ਨ, ਕੇਂਦਰੀ ਭਾਰਤੀ ਭਾਸ਼ਾਵਾਂ ਸੰਸਥਾਨ, ਮੈਸੂਰ।
**ਮੋਢੀ ਤੇ ਹਾਲੀਆ ਪ੍ਰਧਾਨ:** ਕੈਮਪੇਨ ਫ਼ਾਰ ਲੈਂਗੁਏਜ ਇਕੁਐਲਿਟੀ ਐਂਡ ਰਾਈਟਸ, ਚੇਨੱਈ।
**ਜੇਬੀ:** +੯੧-੯੯੧੫੭੦੯੫੯੨; **ਵਟਸਐਪ:** +੯੧-੯੯੯੯੫੩੧੫੯੨
**ਬਿੱਜ-ਡਾਕ:** jogasinghvirk@yahoo.co.in

**ਸਮਰਪਣ - ਮਾਂ ਬੋਲੀ ਕਾਮਿਆਂ ਨੂੰ**

**© ਲਿਖਾਰੀ**

**ਪਹਿਲੀ ਕਾਇਆ** – ਹਾੜ (ਜੂਨ) ੨੦੧੩
**ਦੂਜੀ ਕਾਇਆ** – ਫੱਗਣ (ਫਰਵਰੀ) ੨੦੨੨

**ਇਸ ਲਿਖਤ ਦੀ ਪਹਿਲੀ ਤੇ ਦੂਜੀ ਕਾਇਆ ਤੇ ਹੋਰ ਲਿਖਤਾਂ ਲਈ ਤੰਦ:**
https://archive.org/details/@joga_virk?tab=uploads ਅਤੇ
https://punjabiuniversity.academia.edu/JogaSingh/papers
**ਬੋਲ-ਮੂਰਤਾਂ ਲਈ ਤੰਦ:**
https://www.youtube.com/channel/UCcuqlzPpaMJogbwN3IEDLkg/videos?view_as=subscriber
**ਫੇਸਬੁੱਕ:**
https://www.facebook.com/joga.virk.39/ ਅਤੇ
https://www.facebook.com/Mother-Tongue-100809665322938

**ਪ੍ਰਕਾਸ਼ਕ:**
ਦੱਖਣੀ ਏਸ਼ੀਆ ਭਾਖਾ ਤੇ ਸੱਭਿਆਚਾਰ ਕੇਂਦਰ, ਬਿਬੇਕਗੜ੍ਹ ਪ੍ਰਕਾਸ਼ਨ, ਸ੍ਰੀ ਅਨੰਦਪੁਰ ਸਾਹਿਬ।

**ਸਰਬੱਤ ਦਾ ਭਲਾ!**

## ਤਤਕਰਾ

**ਅੰਕ-ਪੱਟੀ:** ੦=0, ੧=1, ੨=2, ੩=3, ੪=4, ੫=5, ੬=6, ੭=7, ੮=8, ੯=9


**੦. ਜਾਣ-ਪਛਾਣ** ੩-੪
- **੦.੧. ਉਚੇਚਾ ਕਥਨ** ੩
- **੦.੨. ਇਸ ਪੋਥੀ ਬਾਰੇ ਕੁਝ ਚੋਣਵੀਆਂ ਟਿੱਪਣੀਆਂ** ੩
- **੦.੩. ਇਸ ਪੋਥੀ ਵਿੱਚੋਂ ਕੁਝ ਚੋਣਵੀਆਂ ਟੂਕਾਂ** ੩
- **੦.੪. ਦੋ ਸ਼ਬਦ** - ਡਾ. ਸਿਕੰਦਰ ਸਿੰਘ ੪-੫

ਪਹਿਲਾ ਪਾਠ - **ਮਾਤ ਭਾਖਾ ਖੋਲ੍ਹਦੀ ਏ ਸਿੱਖਿਆ, ਗਿਆਨ ਤੇ ਅੰਗਰੇਜੀ ਦੇ ਬੂਹੇ** **੬-੨੬**

**੧.੧. ਇਹ ਲਿਖਤ ਕਿਉਂ** **੬**

**੧.੨. ਸਿੱਖਿਆ ਤੇ ਮਾਤ ਭਾਖਾ** **੭-੧੧**

**੧.੩. ਪਰਦੇਸੀ ਭਾਖਾ ਸਿੱਖਣ ਬਾਰੇ ਭਰਮ** **੧੧-੧੫**
- **੧.੩.੦. ਸਿੱਖਿਆ ਦਾ ਮਾਧਿਅਮ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ** **੧੧-੧੪**
- **੧.੩.੧. ਉਮਰ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ** **੧੪-੧੫**
- **੧.੩.੨. ਅਮੀਰ-ਗਰੀਬ ਪਾੜਾ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ** **੧੫**

**੧.੪. ਭਾਖਾ ਬਾਰੇ ਕੁਝ ਹੋਰ ਭਰਮ** **੧੫-੨੦**
- **੧.੪.੦. ਇੱਕ ਰਾਸ਼ਟਰ - ਇੱਕ ਭਾਖਾ ਭਰਮ** **੧੫**
- **੧.੪.੧. ਭਰਮ ਪਈ ਥਾਂਵੀਂ ਭਾਖਾਵਾਂ ਆਧੁਨਿਕ ਸੰਕਲਪਾਂ ਦੇ ਸੰਚਾਰ ਲਈ ਸਮਰੱਥ ਨਹੀਂ** **੧੬-੧੯**
- **੧.੪.੨. ਵਿਗਿਆਨ ਦੇ ਅਧਿਆਪਕ ਵਰੁਣ ਕੁਮਾਰ ਦਾ ਅੱਖਾਂ ਖੋਲ੍ਹਣ ਵਾਲਾ ਸੁਨੇਹਾ** **੧੯-੨੦**
- **੧.੪.੩. ਇਹ ਭਰਮ ਪਈ ਪਰਦੇਸੀ ਭਾਖਾ ਭੂਮੰਡਲੀ ਭਾਖਾ ਏ** **੨੦**
- **੧.੪.੪. ਅੰਗਰੇਜੀ ਤੇ ਕੌਮਾਂਤਰੀ ਕਾਰੋਬਾਰ ਬਾਰੇ ਭਰਮ** **੨੦**

**੧.੫. ਅਜੋਕੇ ਕੌਮਾਂਤਰੀ ਭਾਖਾਈ ਰੁਝਾਨ** **੨੧-੨੨**

**੧.੬. ਅੰਗਰੇਜੀ ਭਾਖਾ 'ਤੇ ਟੇਕ ਰੱਖਣ ਦੇ ਕੁਝ ਹੋਰ ਗੰਭੀਰ ਨੁਕਸਾਨ** **੨੨**

**੧.੭. ਭਾਖਾਵਾਂ ਮਰਦੀਆਂ ਕਿਵੇਂ ਨੇ** **੨੨-੨੩**

**੧.੮. ਇਹ ਲਿਖਤ ਤੇ ਭਾਰਤੀ ਨੀਤੀਘਾੜੇ** **੨੩-੨੪**

**੧.੯. ਅੰਗਰੇਜੀ ਤੇ ਹਿੰਦੀ ਦੀ ਧੌਂਸ ਕਿਉਂ** **੨੪-੨੫**

**੧.੧੦. ਮਾਂ ਬੋਲੀਆਂ ਦੀ ਸਰਦਾਰੀ ਕਿਵੇਂ ਹੋਵੇ** **੨੫-੨੬**

ਦੂਜਾ ਪਾਠ **- ਪੰਜਾਬੀ ਭਾਖਾ ਨੂੰ ਕਿੰਨਾ ਕੁ ਖਤਰਾ** **੨੭-੩੯**

**ਪਹਿਲੇ ਪਾਠ ਦੇ ਹਵਾਲੇ ਤੇ ਪੋਥੀਮਾਲਾ** **੪੦-੪੨**

**ਦੂਜੇ ਪਾਠ ਦੇ ਹਵਾਲੇ ਤੇ ਟਿੱਪਣੀਆਂ** **੪੨-੪੩**


**ਸਰਬੱਤ ਦਾ ਭਲਾ!**

## ੦. ਜਾਣ-ਪਛਾਣ

### ੦.੧. ਉਚੇਚਾ ਕਥਨ

ਇਸ ਪੋਥੀ ਦਾ ਪਹਿਲਾ ਪਾਠ (ਪੰਨਾ ੬ ਤੋਂ ੨੬ ਤੱਕ) ਪਹਿਲੀ ਵਾਰ ਜੂਨ ੨੦੧੩ ਵਿੱਚ ਕਿਤਾਬਚੇ ਵੱਜੋਂ ਛਪਿਆ ਸੀ। ਇਹ ਹੁਣ ਤੱਕ ਪੰਜਾਬੀ (ਗੁਰਮੁਖੀ ਤੇ ਸ਼ਾਹਮੁਖੀ), ਤਾਮਿਲ, ਤੇਲੁਗੂ, ਕੰਨੜ, ਮੈਥਿਲੀ, ਨੇਪਾਲੀ, ਮਰਾਠੀ, ਕੋਸਲੀ, ਹਿੰਦੀ, ਡੋਗਰੀ, ਤੇ ਅੰਗਰੇਜੀ ਵਿੱਚ ਹਾਸਲ ਏ ਤੇ ਕਾਗਤੀ ਤੇ ਬਿਜਲੇਈ ਰੂਪ ਵਿੱਚ ਬੜੀਆਂ ਥਾਂਵਾਂ 'ਤੇ ਛਪ ਚੁੱਕਿਆ ਏ। ਹੱਥਲੀ ਕਾਇਆ ਵਿੱਚ ਇਸ ਪਾਠ ਵਿੱਚ ਕੁਝ ਨਵੇਂ ਪੈਰੇ ਜੋੜੇ ਗਏ ਨੇ। ਪਰ ਮੂਲ ਦਲੀਲਾਂ, ਤੱਥ, ਤੇ ਅੰਕੜੇ ਆਦਿ ੨੦੧੩ ਵਾਲੇ ਈ ਨੇ। ਇਸ ਕਰਕੇ ਇਸ ਨੂੰ ੨੦੧੩ 'ਚ ਲਿਖੇ ਵਾਂਙ ਈ ਪੜ੍ਹਿਆ ਜਾਵੇ। ਦੂਜਾ ਪਾਠ (ਪੰਨਾ ੨੭ ਤੋਂ ੩੯ ਤੱਕ) ਪਹਿਲੀ ਵਾਰ ੨੦੧੩ ਵਿੱਚ ਫਿਲਹਾਲ ਰਸਾਲੇ ਵਿੱਚ ਛਪਿਆ ਸੀ ਤੇ ਇਹ ਓਸੇ ਰੂਪ ਵਿੱਚ ਈ ਸ਼ਾਮਲ ਕੀਤਾ ਗਿਆ ਏ। ਕਈ ਕਾਰਣਾਂ ਕਰਕੇ ਰਸਮੀ ਪੰਜਾਬੀ ਭਾਖਾ ਵੱਡੀ ਪੱਧਰ 'ਤੇ ਹਿੰਦੀਆਈ ਗਈ ਏ। ਸਿੱਖਿਆ ਖੇਤਰਾਂ ਵਿੱਚ ਇਸ ਹਿੰਦੀਆਈ ਪੰਜਾਬੀ ਦੇ ਭਾਰੂ ਹੋ ਜਾਣ ਕਰਕੇ ਇਹ ਪੰਜਾਬੀ ਪੜ੍ਹੇ-ਲਿਖੇ ਵਰਗ ਦੇ ਅਚੇਤ ਦਾ ਹਿੱਸਾ ਬਣ ਗਈ ਏ। ਇਸ ਕਰਕੇ ਇਸ ਪੁਸਤਕ 'ਚ ਪਹਿਲੀਆਂ ਦੁਹਾਂ ਲਿਖਤਾਂ ਦੀ ਭਾਖਾ ਕੁਝ ਵਟਾਅ ਕੇ ਸਹਿਜ ਪੰਜਾਬੀ ਦੇ ਨੇੜੇ ਰੱਖਣ ਦਾ ਜਤਨ ਕੀਤਾ ਗਿਆ ਏ। ਭਾਖਾ ਨੂੰ ਪੰਜਾਬੀ ਦੀ ਠੇਠ ਧੁਨੀ-ਬਣਤਰ ਦੇ ਵੱਧ ਤੋਂ ਵੱਧ ਨੇੜੇ ਰੱਖਣ ਲਈ ਚੱਲਦੇ ਸ਼ਬਦ-ਜੋੜਾਂ ਤੋਂ ਕੁਝ ਛੋਟਾਂ ਲਈਆਂ ਗਈਆਂ ਨੇ। ਬਿੰਦੀ ਵਾਲੇ ਖ, ਗ, ਜ, ਫ ਦੀ ਵਰਤੋਂ ਨਹੀਂ ਕੀਤੀ ਗਈ ਕਿਉਂਕਿ ਪੰਜਾਬੀ ਵਿੱਚ ਖ਼, ਗ਼, ਜ਼, ਫ਼ ਧੁਨੀਆਂ ਨਹੀਂ ਹਨ। ਇਸ ਬਾਰੇ ਮੈਂ ਕਈ ਗੋਸ਼ਟੀਆਂ ਵਿੱਚ ਪਰਚੇ ਪੜ੍ਹੇ ਨੇ ਤੇ ਜਣ-ਸੰਚਾਰ-ਤੰਤਰ (ਸੋਸ਼ਲ ਮੀਡੀਆ) 'ਤੇ ਆਪਣੀ ਰਾਇ ਦਿੱਤੀ ਏ। ਛੇਤੀ ਇਸ ਬਾਰੇ ਪਰਚਾ ਛਾਪਿਆ ਵੀ ਜਾਵੇਗਾ।

### ੦.੨. ਇਸ ਪੋਥੀ ਬਾਰੇ ਕੁਝ ਚੋਣਵੀਆਂ ਟਿੱਪਣੀਆਂ

ਤਗੜੀ ਸਾਖੀ। **Tove Skutnabb Kangas, Abo Akedemi Universit,y Vasa, Finland.**

ਡੂੰਘੀਆਂ ਪਰਤਾਂ ਉਧੇੜਨ ਵਾਲੀ ਲਿਖਤ ਲਈ ਧੰਨਵਾਦ। ਪੜ੍ਹਦਿਆਂ ਮੈਨੂੰ ਸੱਚੀਓ ਬੜਾ ਅਨੰਦ ਆਇਆ। **Dr. Tej K. Bhatia, Professor, Linguistics & Cognitive Sciences, Syracuse, New York.**

ਦੋ ਬਾਲਾਂ ਦੀ ਮਾਂ ਹੁੰਦਿਆਂ ਮੇਰੇ ਲਈ ਇਹ ਲਿਖਤ ਚਾਨਣ ਭਰੀ ਸੀ। ਮੈਂ ਸਦਾ ਆਪਣੇ ਮੁੰਡਿਆਂ ਨੂੰ ਐਬਟਸਫੋਰਡ, ਬ੍ਰਿਕੋ, ਦੀ ਨਿੱਜੀ ਪੰਜਾਬੀ ਪਾਠਸਾਲ ਵਿੱਚ ਪਾਉਣ ਦਾ ਸੋਚਦੀ ਸਾਂ। ਮੈਂ ਹੁਣ ਸੋਚਦੀ ਆਂ ਪਈ ਸਾਡਾ ਇਹ ਨਿਰਣਾ ਪੂਰੀ ਤਰ੍ਹਾਂ ਠੀਕ ਏ। ਅਚੰਭੇ ਭਰਿਆ ਕੰਮ ਕਰਦੇ ਰਵ੍ਹੋ। **Sharanjit Kaur Sandhra, MA, Coordinator, Centre for Indo Canadian Studies, University of the Fraser Valley, BC, Canada.**

ਮਾਂ ਬੋਲੀ ਵਿੱਚ ਪੜ੍ਹਾਉਣ ਬਾਰੇ ਆਪਣੀ ਗਿਆਨ ਭਰੀ ਲਿਖਤ ਘੱਲਣ ਲਈ ਤੁਹਾਡਾ ਧੰਨਵਾਦ। ਜਿਹੜੇ ਲੋਕ ਬਾਲਾਂ ਨੂੰ ਅੰਗਰੇਜੀ ਮਾਧਿਅਮ ਵਿੱਚ ਘੱਲਣ ਦੀ ਮਹਾਂਮਾਰੀ ਵਰਗੇ ਚੱਲਦੇ ਵਿਖਾਵੇ ਵਿੱਚ ਉਲਝੇ ਪਏ ਨੇ, ਤੁਹਾਡੀ ਲਿਖਤ ਉਹਨਾਂ ਲਈ ਚਾਨਣ ਮੁਨਾਰਾ ਏ। **Manprasad Subba, Bijanbari, Sahitya Akademi Award winning writer, Darjeeling.**

ਕਾਵਿਮਈ ਦਲੀਲ। **Prakash Prabhakar, Eminent Punjabi poet.**

### ੦.੩. ਇਸ ਪੋਥੀ ਵਿੱਚੋਂ ਕੁਝ ਚੋਣਵੀਆਂ ਟੂਕਾਂ

"ਸਾਡੇ ਰਾਹ ਵਿੱਚ ਵੱਡੀ ਅੜਚਨ ਭਾਖਾ ਤੇ ਸਿੱਖਿਆ ਬਾਰੇ ਕੁਝ ਭਰਮ ਨੇ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਹਨਾਂ ਭਰਮਾਂ ਦਾ ਭਾਂਡਾ ਭੰਨਣਾ ਚਾਹੀਦਾ ਏ। ਅਜਿਹਾ ਹੀ ਇੱਕ ਭਰਮ ਇਹ ਵੇ ਪਈ ਦੂਜੀ (ਪਰਦੇਸੀ) ਭਾਖਾ ਸਿੱਖਣ ਦਾ ਵਧੀਆ ਢੰਗ ਇਸ ਦੀ ਪੜ੍ਹਾਈ ਦੇ ਮਾਧਿਅਮ ਵੱਜੋਂ ਵਰਤੋਂ ਏਂ। (ਅਸਲ ਵਿੱਚ, ਹੋਰ ਭਾਖਾ ਨੂੰ ਇੱਕ ਵਿਸ਼ੇ ਵੱਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਏ)। ਦੂਜਾ ਭਰਮ ਇਹ ਵੇ ਪਈ ਦੂਜੀ ਭਾਖਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਏ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਏ ਪਰ ਲਾਭ ਦੀ ਹਾਲਤ ਵਿੱਚ ਉਹ ਸਿੱਖਣ ਵਾਲਾ ਹੁੰਦਾ ਏ ਜਿਨ੍ਹੇਂ ਪਹਿਲੀ ਭਾਖਾ 'ਤੇ ਚੰਗੀ ਪਕੜ ਬਣਾ ਲਈ ਹੋਵੇ)। ਤੀਜਾ ਭਰਮ ਇਹ ਵੇ ਪਈ ਮਾਤ ਭਾਖਾ ਪਰਦੇਸੀ ਭਾਖਾ ਸਿੱਖਣ ਦੇ ਰਾਹ ਵਿੱਚ ਅੜਚਨ ਏਂ। (ਮਾਤ ਭਾਖਾ ਵਿੱਚ ਤਗੜੀ ਨੀਂਹ ਨਾਲ ਪਰਦੇਸੀ ਭਾਖਾ ਬਿਹਤਰ ਸਿੱਖੀ ਜਾਂਦੀ ਏ)। ਸਾਫ ਏ ਪਈ ਇਹ ਭਰਮ ਨੇ ਸੱਚ ਨਹੀਂ ਪਰ ਮੁੜ ਵੀ ਇਹ ਨੀਤੀਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਨੇ ਪਈ ਭਾਰੂ ਭਾਖਾ ਕਿਵੇਂ ਸਿੱਖੀ ਜਾਵੇ।" @(UNESCO, ੨੦੦੮:੧੨)।

ਆਈਲਟਸ ਦੀ ਪਰੀਖਿਆ ਲੈਣ ਵਾਲੀ ਬਰਿਟਿਸ਼ ਕੌਂਸਲ ਦੀ ੨੦੧੭ ਵਿੱਚ ਛਪੀ ਪੋਥੀ (ਇੰਗਲਿਸ਼ ਲੈਂਗੁਏਜ ਐਂਡ ਮੀਡੀਅਮ...' ਪੰਨਾਂ ੩, ਕਿਤਾਬ ਮੱਕੜਜਾਲ 'ਤੇ ਪਈ ਏ) ਵਿੱਚ ਅੰਗਰੇਜੀ ਮਾਧਿਅਮ ਦੇ ਘਾਟਿਆਂ ਬਾਰੇ ਆਹ ਦਰਜ ਏ: 'ਛੇ ਤੋਂ ਅੱਠ ਸਾਲ ਲੱਗਦੇ ਨੇ ਪਈ ਕੋਈ ਬੱਚਾ ਏਨੀ

ਕੁ ਅੰਗਰੇਜੀ ਸਿੱਖ ਲਵੇ ਪਈ ਉਹਨੂੰ ਪਾਠਕ੍ਰਮ ਵਿਚਲਾ ਵਿਸ਼ਾ-ਵਸਤ ਸਮਝ ਆ ਸੱਕੇ। ਏਨੇ ਸਾਲ ਲਾ ਕੇ ਵੀ ਉਹ ਅੰਗਰੇਜੀ ਏਨੀ ਚੰਗੀ ਨਹੀਂ ਸਿੱਖ ਸੱਕਦਾ ਪਈ ਉਹ ਉਪਰਲੀਆਂ ਜਮਾਤਾਂ ਵਿਚਲੇ ਪਾਠਕ੍ਰਮ ਨੂੰ ਚੰਗੀ ਤਰ੍ਹਾਂ ਸਮਝ ਸੱਕੇ'।

੨੦੧੨ ਵਿੱਚ ਵਿਗਿਆਨ ਦੀ ਪਾਠਸਾਲ ਪੱਧਰ ਦੀ ਸਿੱਖਿਆ ਵਿੱਚ ਪਹਿਲੇ ੫੦ ਥਾਂ ਹਾਸਲ ਕਰਨ ਵਾਲੇ ਦੇਸਾਂ ਵਿੱਚੋਂ ਅੰਗਰੇਜੀ ਵਿੱਚ ਪੜ੍ਹਾਉਣ ਵਾਲੇ ਦੇਸਾਂ ਦੇ ਥਾਂ ਤੀਜਾ (ਸਿੰਗਾਪੁਰ), ਦਸਵਾਂ (ਕਨੇਡਾ), ਚੌਹਦਵਾਂ (ਆਇਰਲੈਂਡ), ਸੋਹਲਵਾਂ (ਅਸਟਰੇਲੀਆ), ਅਠ੍ਹਾਰਵਾਂ (ਨਿਊਜੀਲੈਂਡ), ਤੇ ਅਠਾਈਵਾਂ (ਅਮਰੀਕਾ) ਸਨ। (ਇਹਨਾਂ ਦੇਸਾਂ ਵਿੱਚ ਵੀ ਸਿੱਖਿਆ ਅੰਗਰੇਜੀ ਦੇ ਨਾਲ-ਨਾਲ ਦੂਜੀਆਂ ਮਾਤ ਭਾਖਾਵਾਂ ਵਿੱਚ ਵੀ ਦਿੱਤੀ ਜਾਂਦੀ ਏ)। ੨੦੦੩, ੨੦੦੬ ਅਤੇ ੨੦੦੯ ਵਿੱਚ ਵੀ ਇਹੀ ਰੁਝਾਨ ਸਨ। ੨੦੨੧ ਦੇ ਇੱਕ ਮੁਲੰਕਣ ਮੁਤਾਬਕ ਭਾਰਤ ਦਾ ਕੋਈ ਵਿਸ਼ਵਵਿਦਿਆਲਾ ਪਹਿਲੇ ਤਿੰਨ ਸੌ ਵਿੱਚ ਵੀ ਨਹੀਂ ਆਉਂਦਾ, ਜਦੋਂ ਕਿ ਅੰਗਰੇਜੀ ਵਿੱਚ ਨਾ ਪੜ੍ਹਾਉਣ ਵਾਲੇ ਚੀਨ ਦੇ ਪਹਿਲਿਆਂ ਸੌ ਵਿੱਚ ਛੇ ਨੇ। https://www.mastersportal.com/ranking-country/108/india.html.

"ਸਿੱਖਿਆ ਦੇ ਮਾਧਿਅਮ ਦੀ ਭਾਖਾ ਬਾਰੇ ਨਵੀਂ ਪੜਤਾਲ-ਲਿਖਤ ਇਹ ਦਰਜ ਕਰਦੀ ਏ ਪਈ ਜਦੋਂ ਬਾਲਾਂ ਨੂੰ ਅਰੰਭ ਵਿੱਚ ਉਸ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ ਜਿਹੜੀ ਉਹ ਬੋਲਦੇ ਤੇ ਸਮਝਦੇ ਨੇ ਤਾਂ ਉਹ ਵਧੇਰੇ ਸਿੱਖਦੇ ਨੇ, ਹੋਰ ਭਾਖਾਵਾਂ ਸਿੱਖਣ ਲਈ ਬਿਹਤਰ ਤਿਆਰ ਹੁੰਦੇ ਨੇ, ਗਣਿਤ ਤੇ ਵਿਗਿਆਨ ਵਰਗੇ ਹੋਰ ਵਿਸ਼ੇ ਸਿੱਖ ਸੱਕਦੇ ਨੇ, ਪਾਠਸਾਲ ਵਿੱਚ ਵਧੇਰੇ ਟਿਕੇ ਰਹਿੰਦੇ ਨੇ, ਤੇ ਆਪਣੀ ਰਹਿਤਲ ਤੇ ਥਾਂਵੀਂ ਵਾਤਾਵਰਣ ਦੇ ਅਨੁਕੂਲ ਪਾਠਸਾਲ ਨੂੰ ਵਧੇਰੇ ਮਾਣਦੇ ਨੇ। ਇਸ ਤੋਂ ਵੀ ਵਧ ਕੇ, ਇਸ ਨਾਲ ਪਾਠਸਾਲ ਵਿਖੇ ਬਾਅਦ ਵਿੱਚ ਦੂਜੀ ਭਾਖਾ ਵਿੱਚ ਸਿੱਖਣ ਲਈ ਸਭ ਤੋਂ ਤਗੜੀ ਨੀਂਹ ਰੱਖੀ ਜਾਂਦੀ ਏ।" (ਵਿਸ਼ਵ ਬੈਂਕ, ੨੦੨੧, https://www.worldbank.org/en/news/press-release/2021/07/14/teaching-young-children-in-the-language-they-speak-at-home-is-essential-to-eliminate-learning-poverty)

ਖੋਜ ਇਹ ਵੀ ਦੱਸਦੀ ਏ ਪਈ ਬਾਲ ਨਾਲੋਂ ੧੫ ਸਾਲ ਤੋਂ ਵੱਧ ਉਮਰ ਵਾਲਾ ਬੰਦਾ ਪਰਦੇਸੀ/ਦੂਜੀ ਭਾਖਾ ਛੇਤੀ ਤੇ ਬਿਹਤਰ ਸਿੱਖਦਾ ਏ। ਖੋਜ ਇਹ ਵੀ ਦੱਸਦੀ ਏ ਪਈ ਜੇ ਸਿੱਖਿਆ ਦਾ ਮਾਧਿਅਮ ਮਾਤ ਭਾਖਾ ਹੋਵੇ ਤਾਂ ਗਰੀਬ ਤੇ ਅਮੀਰ ਵਿਦਿਆਰਥੀਆਂ ਵਿਚਕਾਰ ਸਿੱਖਿਆ ਦਾ ਪਾੜਾ ਵੀ ਪਰਦੇਸੀ ਭਾਖਾ ਮਾਧਿਅਮ ਦੇ ਮੁਕਾਬਲੇ ਘੱਟ ਹੁੰਦਾ ਏ। ਹਰ ਮਾਂ ਬੋਲੀ ਵਿੱਚ ਉਚੇਰੇ ਤੋਂ ਉਚੇਰੇ ਗਿਆਨ, ਵਿਗਿਆਨ, ਹੁਨਰ, ਤੇ ਕੰਮ-ਕਾਜ ਦੀ ਸਮਰੱਥਾ ਹੁੰਦੀ ਏ।

ਇਹ ਵੀ ਭਰਮ ਏਂ ਪਈ ਅੰਗਰੇਜੀ ਭਾਖਾ ਦੀ ਜਾਣਕਾਰੀ ਕੌਮਾਂਤਰੀ ਕਾਰੋਬਾਰ ਵਿੱਚ ਕੋਈ ਵਾਧਾ ਕਰ ਸੱਕਦੀ ਏ। ਸਤਾਰ੍ਹਵੀਂ ਸਦੀ ਵਿੱਚ (ਜਦੋਂ ਕੋਈ ਇੱਕ-ਅੱਧਾ ਭਾਰਤੀਓ ਈ ਅੰਗਰੇਜੀ ਜਾਣਦਾ ਹੋਵੇਗਾ) ਦੁਨੀਆਂ ਦੀ ਪੈਦਾਵਾਰ ਵਿੱਚ ਭਾਰਤ ਦਾ ਹਿੱਸਾ ੨੨ (ਬਾਈ) ਫੀਸਦੀ ਸੀ ਜੋ ਹੁਣ ਸਿਰਫ ੨.੫ (ਢਾਈ) ਫੀਸਦੀ ਏ। ੫ ਕਰੋੜ ਅਬਾਦੀ (ਸਾਡੇ ਤੋਂ ਪੰਝੀ ਗੁਣਾ ਘੱਟ) ਵਾਲਾ ਦੇਸ ਕੋਰੀਆ ਆਪਣੇ ਬੱਚਿਆਂ ਨੂੰ ਆਪਣੀ ਭਾਖਾ ਵਿੱਚ ਪੜ੍ਹਾਉਂਦਾ ਏ ਪਰ ਦੁਨੀਆਂ ਦੇ ਵਪਾਰ ਵਿੱਚ ਉਹਦੀ ਥਾਂ ਸਾਡੇ ਤੋਂ ਕੋਈ ੧੫ ਦਰਜੇ ਉੱਤੇ ਵੇ, ਉਹ ਵੀ ਕੁੱਲ ਵਪਾਰ ਵਿੱਚ। ਪ੍ਰਤਿ ਵਿਅਕਤੀ ਬਰਾਮਦ ਵਿੱਚ ਭਾਰਤ ਦਾ ਦਰਜਾ ੧੫੦ਵਾਂ ਏਂ। ਮਾਂ ਬੋਲੀ ਵਿੱਚ ਪੜ੍ਹਾਉਣ ਵਾਲੇ ਚੀਨ ਨਾਲ ਦੇਸੀ ਅੰਗਰੇਜ ਭਾਰਤ ਨੂੰ ੨੦੨੧ ਵਿਚ ਵਪਾਰ ਵਿੱਚ ਕੋਈ ਸਵਾ ਪੰਜ ਲੱਖ ਕਰੋੜ ਰੁਪਈਆਂ ਦਾ ਘਾਟਾ ਪਿਆ ਏ...ਤੇ ਕਈ ਸਾਲਾਂ ਤੋਂ ਲਗਭਗ ਇੰਞੇ ਈ ਚੱਲਦਾ ਪਿਆ ਏ।

### ੦.੪. ਦੋ ਸ਼ਬਦ

ਦੱਖਣੀ ਏਸ਼ੀਆ ਭਾਖਾ ਅਤੇ ਸੱਭਿਆਚਾਰ ਕੇਂਦਰ ਦਾ ਉਦੇਸ਼ ਗੁਰਮੁਖੀ ਲਿਪੀ ਅਤੇ ਸਿੱਖ ਸੱਭਿਆਚਾਰ ਦੀ ਸ਼ਾਨ ਬੁਲੰਦ ਕਰਨ ਦੇ ਨਾਲ-ਨਾਲ ਦੱਖਣੀ ਏਸ਼ੀਆ ਦੀਆਂ ਬੋਲੀਆਂ ਅਤੇ ਸੱਭਿਆਚਾਰਾਂ ਸਬੰਧੀ ਵਿਚਾਰ-ਵਟਾਂਦਰੇ ਨਾਲ ਦੱਖਣੀ ਏਸ਼ੀਆ ਦੇ ਵੱਖੋ-ਵੱਖਰੇ ਸਮਾਜਾਂ ਵਿਚ ਸਾਂਝ ਅਤੇ ਸਹਿਹੋਂਦ ਦਾ ਪਸਾਰਾ ਕਰਨਾ ਹੈ। ਇਸ ਉਦੇਸ਼ ਨੂੰ ਸਰ ਕਰਨ ਹਿਤ ਬੋਲੀਆਂ ਅਤੇ ਸੱਭਿਆਚਾਰਕ ਭਿੰਨਤਾਵਾਂ ਦੇ ਹੱਕ ਹਕੂਕ ਦੀ ਰਾਖੀ ਵਾਸਤੇ ਹੋਈ ਖੋਜ ਨੂੰ ਛਾਪਣਾ ਇਸ ਕੇਂਦਰ ਦਾ ਮੁੱਖ ਕਾਰਜ ਹੈ। ਬਸਤੀਵਾਦੀ ਅਤੇ ਰਾਸ਼ਟਰਵਾਦੀ ਰਾਜਨੀਤਕ ਢਾਂਚਿਆਂ ਵਿਚ ਇਕ ਖਾਸ ਕਿਸਮ ਦਾ ਭਾਖਾਈ ਸਾਮਰਾਜਵਾਦ ਉਭਰ ਕੇ ਸਾਹਮਣੇ ਆਇਆ ਹੈ ਜਿਸ ਨਾਲ ਦੁਨੀਆ ਭਰ ਦੀਆਂ ਅਨੇਕਾਂ ਬੋਲੀਆਂ ਖਤਮ ਹੋ ਚੁੱਕੀਆਂ ਹਨ ਅਤੇ ਕਿੰਨੀਆਂ ਦੀ ਹੋਂਦ ਖਤਰੇ ਵਿਚ ਹੈ । ਇਸ ਦੌਰਾਨ ਦੱਖਣੀ ਏਸ਼ੀਆ ਵਿਚ ਅੰਗਰੇਜੀ, ਹਿੰਦੀ ਅਤੇ ਉਰਦੂ ਹਕੂਮਤੀ ਅਤੇ ਤਾਕਤ ਦੀ ਸਰਪ੍ਰਸਤੀ ਨਾਲ ਕਾਤਲ ਬੋਲੀਆਂ ਬਣ ਕੇ ਉਭਰੀਆਂ ਹਨ ਜਿਨ੍ਹਾਂ ਦੀ ਕਾਤਲਾਨਾ ਕਵਾਇਦ ਦੱਖਣੀ ਏਸ਼ੀਆ ਵਿੱਚ ਹੁਣ ਵੀ ਪੂਰੇ ਜੋਰ ਨਾਲ ਜਾਰੀ ਹੈ। ਪੰਜਾਬੀ ਇੱਕ ਅਜਿਹੀ ਬੋਲੀ ਹੈ ਜਿਸ ਉਪਰ ਇਨ੍ਹਾਂ ਤਿੰਨਾਂ ਹਕੂਮਤੀ ਬੋਲੀਆਂ ਦੇ ਕਾਤਲਾਨਾ ਹਮਲੇ ਹੋਏ ਹਨ। ਪੰਜਾਬੀ ਮਨ ਉਪਰ ਅੰਗਰੇਜੀ ਦਾ ਲੰਮੇ ਅਰਸੇ ਤੋਂ ਡੂੰਘਾ ਅਸਰ ਹੋਇਆ ਹੈ। ਇਹ ਅਸਰ ਅਜੇ ਘੱਟ ਨਹੀਂ ਸੀ ਹੋਇਆ ਕਿ ਨਾਲ ਹੀ ਹਿੰਦੀ ਦਾ ਬਹੁਤ ਤਾਕਤਵਰ ਹਮਲਾ ਸ਼ੁਰੂ ਹੋ ਗਿਆ। ਇਸ ਨਾਲ ਪੰਜਾਬੀ ਬੁਲਾਰਿਆਂ ਦੀ

ਵਿੱਦਿਆ, ਗਿਆਨ ਅਤੇ ਪਰੰਪਰਾ ਨਾਲ ਸਾਂਝ ਦੇ ਹੱਕ ਮਾਰੇ ਗਏ ਜਿਸ ਨਾਲ ਪੰਜਾਬ ਦੀਆਂ ਨਵੀਆਂ ਪੀੜ੍ਹੀਆਂ ਪੰਜਾਬੀ ਤੋਂ ਘੱਟ ਜਾਂ ਵੱਧ ਦੂਰ ਹੋਣ ਲੱਗੀਆਂ।

ਡਾ. ਜੋਗਾ ਸਿੰਘ ਨੇ ਪੰਜਾਬੀ ਬੋਲੀ ਅਤੇ ਇਸ ਵਰਗੀਆਂ ਦੱਖਣੀ ਏਸ਼ੀਆ ਦੀਆਂ ਹੋਰ ਬੋਲੀਆਂ ਦੇ ਦਰਦ ਨੂੰ ਗੰਭੀਰਤਾ ਨਾਲ ਸਮਝਿਆ ਹੈ ਅਤੇ ਇਸ ਉਪਰ ਆਪਣੀ ਜੋਰਦਾਰ ਰਾਏ ਦਰਜ ਕੀਤੀ ਹੈ। ਹਥਲਾ ਦਸਤਾਵੇਜ ਬੋਲੀਆਂ ਉਪਰ ਮੰਡਰਾ ਰਹੇ ਭਾਖਾਈ ਸਾਮਰਾਜ ਦੇ ਖਤਰੇ ਬਾਬਤ ਉਨ੍ਹਾਂ ਦੀ ਕੌਮਾਂਤਰੀ ਪੱਧਰ ਦੀ ਭਰਪੂਰ ਖੋਜ ਦਾ ਸਿੱਟਾ ਹੈ । ਵਰਤਮਾਨ ਭਾਖਾਵਿਗਿਆਨਕ ਖੋਜਾਂ ਨੇ ਸਿੱਧ ਕੀਤਾ ਹੈ ਕਿ ਸਿੱਖਿਆ ਸਕੂਲ ਤੋਂ ਆਰੰਭ ਨਹੀਂ ਹੁੰਦੀ ਬਲਕਿ ਸਰੀਰਕ ਤੌਰ 'ਤੇ ਇਹ ਮਾਂ ਦੇ ਗਰਭ ਵਿੱਚੋਂ ਹੀ ਆਰੰਭ ਹੋ ਜਾਂਦੀ ਹੈ। ਵਿਰਾਸਤੀ ਤੌਰ ਤੇ ਤਾਂ ਇਹ ਪੀੜ੍ਹੀਆਂ ਪੁਰਾਣੀ ਹੁੰਦੀ ਹੈ। ਹਥਲਾ ਦਸਤਾਵੇਜ ਜਿਥੇ ਬੋਲੀ ਦੇ ਸਾਰੇ ਖੇਤਰਾਂ ਵਿਚ ਮਾਂ-ਬੋਲੀ ਦੀ ਲੋੜ ਤੇ ਜੋਰ ਦਿੰਦਾ ਹੈ ਉਥੇ ਇਸ ਦਾ ਅਹਿਮ ਤਰਕ ਇਹ ਹੈ ਕਿ ਜੇ ਵਿੱਦਿਆ ਕਿਸੇ ਹੋਰ ਬੋਲੀ ਵਿੱਚ ਸ਼ੁਰੂ ਕੀਤੀ ਤਾਂ ਸਕੂਲ ਤੋਂ ਪਹਿਲਾਂ ਦਾ ਸਾਰਾ ਗਿਆਨ ਜਾਇਆ ਹੋ ਜਾਂਦਾ ਹੈ ਅਤੇ ਉਲਟਾ ਬੱਚੇ ਦੀ ਦਿਸ਼ਾ ਬਦਲ ਜਾਂਦੀ ਹੈ। ਪਰਾਈ ਬੋਲੀ ਵਿਚ ਵਿੱਦਿਆ ਨਸ਼ੇ, ਸਮਾਜਿਕ ਗੜਬੜ, ਮਾਨਸਿਕ ਪ੍ਰੇਸ਼ਾਨੀ, ਸ਼ਖਸੀਅਤ ਵਿੱਚ ਵਿਗਾੜ ਆਦਿ ਅਲਾਮਤਾਂ ਦਾ ਕਾਰਨ ਬਣਦੀ ਹੈ। ਪ੍ਰੋ. ਜੋਗਾ ਸਿੰਘ ਨੇ ਮਾਂ-ਬੋਲੀ ਨਾਲ ਜੁੜੇ ਸਾਰੇ ਸਵਾਲਾਂ ਨੂੰ ਵਿਗਿਆਨਕ ਤੱਥ ਸਬੂਤਾਂ ਅਤੇ ਤਾਰਕਿਕ ਤਰੀਕੇ ਨਾਲ ਸਾਹਮਣੇ ਰੱਖਿਆ ਹੈ। ਪੰਜਾਬੀ ਦੇ ਪ੍ਰਸੰਗ ਵਿੱਚ ਸਾਡੀ ਪਹੁੰਚ ਜੇ ਪੂਰਨ ਅਤਾਰਕਿਕ ਨਹੀਂ ਤਾਂ ਭਾਵੁਕ ਪੱਧਰ ਦੀ ਜਰੂਰ ਰਹਿੰਦੀ ਹੈ। ਇਸ ਦਸਤਾਵੇਜ ਦਾ ਦੂਜਾ ਪਾਠ ਸਪੱਸ਼ਟ ਤੌਰ 'ਤੇ ਪੰਜਾਬੀ ਦੇ ਸਾਰੇ ਪੱਖਾਂ ਤੋਂ ਦੱਸਦਾ ਹੈ ਕਿ ਇਸ ਨੂੰ ਕਿਥੇ-ਕਿਥੇ ਅਤੇ ਕਿੰਨਾ-ਕਿੰਨਾ ਕੁ ਖਤਰਾ ਹੈ।

ਇਹ ਦਸਤਾਵੇਜ ਦੱਖਣੀ ਏਸ਼ੀਆ ਦੀਆਂ ੧੧ ਬੋਲੀਆਂ ਦੇ ਸਮੇਤ ਪੰਜਾਬੀ ਦੀਆਂ ਦੋਵਾਂ ਲਿਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਪਹਿਲਾਂ ਛਪ ਚੁੱਕਿਆ ਹੈ। ਪਾਠਕਾਂ ਅਤੇ ਮਾਂ-ਬੋਲੀ ਦੇ ਹੱਕਾਂ ਖਾਤਰ ਕੰਮ ਕਰ ਰਹੀਆਂ ਵੱਖ ਵੱਖਰੀਆਂ ਸੰਸਥਾਵਾਂ ਦੀ ਭਰਪੂਰ ਮੰਗ ਦੇ ਮੱਦੇਨਜਰ ਇਸ ਨੂੰ ਹੁਣ ਦੱਖਣੀ ਏਸ਼ੀਆ ਭਾਖਾ ਅਤੇ ਸੱਭਿਆਚਾਰ ਕੇਂਦਰ ਵੱਲੋਂ ਛਾਪਣ ਦਾ ਉਪਰਾਲਾ ਕਰ ਰਹੇ ਹਾਂ। ਆਸ ਹੈ ਕਿ ਸੰਗਤ ਇਸ ਨੂੰ ਭਰਪੂਰ ਹੁੰਗਾਰਾ ਦੇਵੇਗੀ। ਹਰੇਕ ਨਿਮਾਣੇ-ਨਿਤਾਣੇ ਦੀ ਆਪਣੀ ਬੋਲੀ ਅਤੇ ਸੱਭਿਆਚਾਰ ਦੀ ਰਾਖੀ ਲਈ ਇਸ ਨੂੰ ਵੱਧ ਤੋਂ ਵੱਧ ਪਾਠਕਾਂ ਤਕ ਪਹੁੰਚਾਉਣ ਦੇ ਉਪਰਾਲੇ ਕਰੇਗੀ।

ਡਾ. ਸਿਕੰਦਰ ਸਿੰਘ

ਮੁਖੀ, ਪੰਜਾਬੀ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ।

**ਸਰਬੱਤ ਦਾ ਭਲਾ!**

# ਪਹਿਲਾ ਪਾਠ - **ਮਾਤ ਭਾਖਾ ਖੋਲ੍ਹਦੀ ਏ ਸਿੱਖਿਆ, ਗਿਆਨ, ਅਤੇ ਅੰਗਰੇਜੀ ਦੇ ਬੂਹੇ**

## ੧.੧. ਇਹ ਲਿਖਤ ਕਿਉਂ

ਭਾਰਤ ਵਿੱਚ ਭਾਰਤੀ ਭਾਖਾਵਾਂ ਦੀ ਹਾਲਤ ਬੜੀ ਦੁਖਦਾਈ ਬਣੀ ਹੋਈ ਏ ਤੇ ਦਿਨੋਂ-ਦਿਨ ਭਾਰਤੀ ਭਾਖਾਵਾਂ ਨੂੰ ਹੋਰ ਵੀ ਖੋਰਾ ਲੱਗੀ ਜਾਂਦਾ ਏ। ਭਾਖਾ ਦੇ ਸੁਆਲ ਨਾਲ ਸਿੱਖਿਆ, ਗਿਆਨ, ਵਿਗਿਆਨ, ਸੱਭਿਆਚਾਰ, ਵਿਰਸਾ, ਤੇ ਪਰਦੇਸੀ ਭਾਖਾ ਸਿੱਖਣ ਜਿਹੇ ਸੁਆਲ ਬੜੀ ਡੂੰਘੀ ਤਰ੍ਹਾਂ ਜੁੜੇ ਹੋਏ ਨੇ। ਪਰ ਭਾਰਤੀ ਨੀਤੀਕਾਰ ਤੇ ਭਾਰੂ ਵਰਗ ਭਾਖਾ ਨਾਲ ਜੁੜੇ ਸੁਆਲਾਂ ਬਾਰੇ ਜਾਂ ਤਾਂ ਜਾਣਕਾਰੀ ਤੋਂ ਬਿਲਕੁਲ ਕੋਰੇ ਨੇ ਤੇ ਜਾਂ ਸੁਆਰਥ ਹਿੱਤ ਲੋਕਾਂ ‘ਤੇ ਮਾਰੂ ਭਾਖਾ ਨੀਤੀਆਂ ਲੱਦੀ ਜਾਂਦੇ ਨੇ। ਨਤੀਜੇ ਵੱਜੋਂ, ਭਾਰਤ ਨੂੰ ਸਿੱਖਿਆ, ਗਿਆਨ, ਵਿਗਿਆਨ, ਕੌਮਾਂਤਰੀ ਕਾਰੋਬਾਰ, ਸੱਭਿਆਚਾਰ, ਵਿਰਸੇ, ਤੇ ਪਰਦੇਸੀ ਭਾਖਾ ਸਿੱਖਣ ਆਦਿ ਦੇ ਖੇਤਰਾਂ ਵਿੱਚ ਨਾ ਭਰੇ ਜਾ ਸੱਕਣ ਵਾਲੇ ਘਾਟੇ ਪੈਂਦੇ ਪਏ ਨੇ।

ਉਂਵ ਤਾਂ ਅਜਾਦੀ ਤੋਂ ਬਾਅਦ ਵੀ ਭਾਰਤੀ ਭਾਖਾਵਾਂ ਨੂੰ ਉਹ ਥਾਂ ਨਹੀਂ ਮਿਲੀ ਜਿਹੜੀ ਹਰ ਕਾਰਣ ਨਾਲ ਉਹਨਾਂ ਨੂੰ ਮਿਲਣੀ ਚਾਹੀਦੀ ਸੀ, ਪਰ ਪਿਛਲੇ ਕੋਈ ਤੀਹ ਸਾਲਾਂ ਤੋਂ ਤਾਂ ਭਾਰਤੀ ਭਾਖਾਵਾਂ ਦੀ ਦੁਰਗਤੀ ਦੀ ਗਤੀ ਹੋਰ ਵੀ ਤਿੱਖੀ ਹੋ ਗਈ ਏ। ਅੰਗਰੇਜੀ ਭਾਰਤੀ ਭਾਖਾਵਾਂ ਨੂੰ ਬਾਹਰ ਕੱਢੀ ਜਾਂਦੀ ਏ, ਖਾਸ ਤੌਰ 'ਤੇ ਸਿੱਖਿਆ ਦੇ ਮਾਧਿਅਮ ਵੱਜੋਂ।

ਭਾਖਾ-ਮਾਰੀ ਦੇ ਕਾਰੋਬਾਰ ਵਿੱਚ ਅੰਗਰੇਜੀ ਦੇ ਨਾਲ ਹਿੰਦੀ ਵੀ ਵੱਡੇ ਪੱਧਰ ‘ਤੇ ਰਲੀ ਹੋਈ ਏ (ਖਾਸ ਤੌਰ ‘ਤੇ ਅਖਾਉਤੀ ਹਿੰਦੀ ਪੱਟੀ ਵਿੱਚ, ਜਿੱਥੇ ਦਰਜਨਾਂ ਭਾਖਾਵਾਂ ਨੂੰ ਹਿੰਦੀ ਦੀਆਂ ਉਪਬੋਲੀਆਂ ਆਖ ਕੇ ਮਾਰਿਆ ਜਾਂਦਾ ਪਿਆ ਏ), ਭਾਵੇਂ ਕਿ ਹਿੰਦੀ ਦੇ ਮਾਤ-ਭਾਖੀ ਖੇਤਰ ਵਿੱਚ ਅੰਗਰੇਜੀ ਹਿੰਦੀ ਨੂੰ ਵੀ ਖਾਈ ਜਾਂਦੀ ਏ।

ਇਸ ਸਭ ਦਾ ਮੂਲ ਕਾਰਣ ਤਾਂ ਉਤਲੇ ਪਰਜੀਵੀ ਵਰਗ ਦੇ ਸੁਆਰਥ ਨੇ ਪਰ ਇਸ ਕੂੜ-ਨੀਤੀ ਦੇ ਪੱਖ ਵਿੱਚ ਜੋ ਦਲੀਲਾਂ ਦਿੱਤੀਆਂ ਜਾਂਦੀਆਂ ਨੇ ਉਹ ਹੇਠ ਤਰ੍ਹਾਂ ਦੀਆਂ ਨੇ।

੧. ਅੰਗਰੇਜੀ ਗਿਆਨ-ਵਿਗਿਆਨ ਦੀ ਭਾਖਾ ਏ ਤੇ ਗਿਆਨ-ਵਿਗਿਆਨ ਵਿੱਚ ਤਰੱਕੀ ਲਈ ਅੰਗਰੇਜੀ ਦੀ ਮੁਹਾਰਤ ਜਰੂਰੀ ਏ।

੨. ਅੰਗਰੇਜੀ ਭਾਖਾ ਇੱਕੋ-ਇੱਕ ਕੌਮਾਂਤਰੀ ਭਾਖਾ ਏ ਤੇ ਇਹਦੇ ਬਿਨਾਂ ਕੌਮਾਂਤਰੀ ਕਾਰ-ਵਿਹਾਰ ਨਹੀਂ ਹੋ ਸੱਕਦਾ।

੩. ਭਾਰਤੀ ਭਾਖਾਵਾਂ ਵਿੱਚ ਉਚੇਰੇ ਪੱਧਰ ਦੇ ਗਿਆਨ-ਵਿਗਿਆਨ ਦੀ ਸਿੱਖਿਆ ਦਾ ਮਾਧਿਅਮ ਬਣਨ ਦੀ ਸਮਰੱਥਾ ਨਹੀਂ ਏਂ।

੪. ਬੱਚਾ ਪਰਦੇਸੀ ਭਾਖਾ ਛੋਟੀ ਉਮਰੇ ਸੌਖੇਰੇ ਸਿੱਖਦਾ ਏ।

੫. ਅੰਗਰੇਜੀ ਮਾਧਿਅਮ ਰਾਹੀਂ ਪੜ੍ਹਿਆਂ ਅੰਗਰੇਜੀ ਵਧੇਰੇ ਆਉਂਦੀ ਏ।

੬. ਅੰਗਰੇਜੀ ਸਾਡੀਆਂ ਭਾਖਾਵਾਂ ਨਾਲੋਂ ਅਮੀਰ ਭਾਖਾ ਏ।

ਇਸ ਦੇ ਉਲਟ ਭਾਖਾ ਬਾਰੇ ਕੁਝ ਵੱਡੇ ਮਾਮਲਿਆਂ ‘ਤੇ ਮਾਹਿਰਾਂ ਦੀਆਂ ਸਰਬਸੰਮਤ ਤੇ ਪਰਮਾਣੀਆਂ ਰਇਆਂ ਇਹ ਨੇ:

੭. ਸਿੱਖਿਆ ਮਾਤ ਭਾਖਾ ਰਾਹੀਂ ਹੀ ਕਾਮਯਾਬ ਹੋ ਸੱਕਦੀ ਏ।

੮. ਪਰਦੇਸੀ ਭਾਖਾ ਮਾਤ ਭਾਖਾ ਮਾਧਿਅਮ ਰਾਹੀਂ ਪਰਦੇਸੀ ਭਾਖਾ ਮਾਧਿਅਮ ਨਾਲੋਂ ਬਿਹਤਰ ਸਿੱਖੀ ਜਾਂਦੀ ਏ।

੯. ਬਾਲ ਨਾਲੋਂ ਬਾਲਗ ਪਰਦੇਸੀ ਭਾਖਾ ਛੇਤੀ ਤੇ ਬਿਹਤਰ ਸਿੱਖਦਾ ਏ।

੧੦. ਜੇ ਸਿੱਖਿਆ ਮਾਤ ਭਾਖਾ ਰਾਹੀਂ ਹੋਵੇ ਤਾਂ ਸਿੱਖਿਆ ਪ੍ਰਾਪਤੀ ਵਿੱਚ ਅਮੀਰ-ਗਰੀਬ ਦਾ ਪਾੜਾ ਘੱਟ ਹੁੰਦਾ ਏ।

੧੧. ਸਿੱਖਿਆ, ਗਿਆਨ, ਵਿਗਿਆਨ, ਤਕਨੀਕ, ਹੁਨਰ, ਅਰਥਚਾਰੇ, ਤੇ ਵਪਾਰ ਆਦਿ ਵਿੱਚ ਉਹੀ ਦੇਸ ਮੋਹਰੀ ਨੇ ਜਿਹੜੇ ਮਾਂ ਬੋਲੀਆਂ ਰਾਹੀਂ ਸਿੱਖਿਆ ਦੇਂਦੇ ਨੇ ਤੇ ਆਪਣੇ ਕੰਮ-ਕਾਜ ਮਾਂ ਬੋਲੀਆਂ ਵਿੱਚ ਕਰਦੇ ਨੇ।

੧੨. ਹਰ ਮਾਂ ਬੋਲੀ ਵਿੱਚ ਉਚੇਰੇ ਤੋਂ ਉਚੇਰੇ ਗਿਆਨ, ਵਿਗਿਆਨ, ਹੁਨਰ, ਤੇ ਕੰਮ-ਕਾਜ ਦੀ ਸਮਰੱਥਾ ਹੁੰਦੀ ਏ।

ਪਰ ਅੱਜ ਜਦੋਂ ਸਾਰੇ ਸੰਸਾਰ ਬਾਰੇ ਮਣਾਂ-ਮੂੰਹੀ ਜਾਣਕਾਰੀ ਹਰ ਬੰਦੇ ਦੇ ਪੋਟੇ ਹੇਠ ਏ, ਭਾਰਤ ਵਿੱਚ ਉਸ ਵੇਲੇ ਵੀ ਭਾਖਾ ਦੇ ਖੇਤਰ ਬਾਰੇ ਵੱਡੇ ਭਰਮ ਹਰ ਪਾਸੇ ਪਸਰੇ ਹੋਏ ਨੇ। ਉਤਲੀਆਂ ੧-੬ ਤਰ੍ਹਾਂ ਦੀਆਂ ਦਲੀਲਾਂ ਕੋਰੇ ਭਰਮ ਨੇ ਤੇ ਭਾਖਾ, ਗਿਆਨ, ਵਿਗਿਆਨ, ਸਿੱਖਿਆ, ਤੇ ਕੌਮਾਂਤਰੀ ਭਾਖਾਈ ਸਥਿਤੀ ਬਾਰੇ ਸੌ ਫੀਸਦੀ ਅਗਿਆਨ ਦਾ ਸਬੂਤ ਨੇ। ਇਸ ਲਿਖਤ ਦਾ ਟੀਚਾ ਇਸ ਅਗਿਆਨ ਤੋਂ ਪਰਦਾ ਚੁੱਕਣਾ ਏਂ।

## ੧.੨. ਸਿੱਖਿਆ ਤੇ ਮਾਤ ਭਾਖਾ

ਸਭ ਤੋਂ ਪਹਿਲਾਂ ਅੱਜ ਦੇ ਸਮੇਂ ਦੇ ਸਭ ਤੋਂ ਮਹੱਤਾ ਵਾਲੇ ਖੇਤਰ ਗਿਆਨ-ਵਿਗਿਆਨ ਨਾਲ ਭਾਖਾ ਦੇ ਸਬੰਧਾਂ ਬਾਰੇ ਕੌਮਾਂਤਰੀ ਗਿਆਨ ਅਤੇ ਤਜਰਬੇ 'ਤੇ ਝਾਤੀ ਮਾਰਨੀ ਠੀਕ ਹੋਵੇਗੀ। ਹੇਠਲੀ ਟੂਕ ਸੰਜੁਗਤ ਰਾਸ਼ਟਰ ਸੰਘ ਦੀ ਸਿੱਖਿਆ, ਵਿਗਿਆਨ ਅਤੇ ਸਭਿਆਚਾਰ ਬਾਰੇ ਸੰਸਥਾ (ਯੂਨੈਸਕੋ) ਵੱਲੋਂ ਛਾਪੀ ਪੁਸਤਕ 'ਸਿੱਖਿਆ ਵਿੱਚ ਥਾਂਵੀਂ ਭਾਖਾਵਾਂ ਦੀ ਵਰਤੋਂ' ਵਿਚੋਂ ਲਈ ਗਈ ਏ, ਜੋ ਇਹਨਾਂ ਮੁੱਦਿਆਂ 'ਤੇ ਕੌਮਾਂਤਰੀ ਸਮਝ ਤੇ ਖੋਜ ਦਾ ਨਿਚੋੜ ਪੇਸ਼ ਕਰਦੀ ਏ:

''ਇਹ ਆਪੂੰ-ਸਿੱਧ ਏ ਪਈ ਬੱਚੇ ਲਈ ਸਿੱਖਿਆ ਦਾ ਸਭ ਤੋਂ ਵਧੀਆ ਮਾਧਿਅਮ ਉਸ ਦੀ ਮਾਤ ਭਾਖਾ ਏ। ਮਨੋਵਿਗਿਆਨਵੀ ਤੌਰ 'ਤੇ ਇਹ ਅਰਥ ਵਾਲੇ ਚਿੰਨ੍ਹਾਂ ਦੀ ਅਜਿਹੀ ਪ੍ਰਣਾਲੀ ਹੁੰਦੀ ਏ ਜਿਹੜੀ ਪ੍ਰਗਟਾਓ ਅਤੇ ਸਮਝ ਲਈ ਉਸ ਦੇ ਦਿਮਾਗ ਵਿੱਚ ਆਪੂੰ-ਚਾਲੀ ਰੂਪ ਵਿੱਚ ਕੰਮ ਕਰਦੀ ਏ, ਸਮਾਜੀ ਤੌਰ 'ਤੇ ਜਿਸ ਜਣ-ਸਮੂਹ ਦੇ ਮੈਂਬਰਾਂ ਨਾਲ ਉਸ ਦਾ ਨਾਤਾ ਹੁੰਦਾ ਏ, ਉਸ ਨਾਲ ਇੱਕ-ਮਿੱਕ ਹੋਣ ਦਾ ਸਾਧਨ ਏਂ, ਸਿੱਖਿਆਵੀ ਤੌਰ 'ਤੇ ਉਹ ਮਾਤ ਭਾਖਾ ਰਾਹੀਂ ਇੱਕ ਅਣਜਾਣੇ ਭਾਖਾਈ ਮਾਧਿਅਮ ਨਾਲੋਂ ਤੇਜੀ ਨਾਲ ਸਿੱਖਦਾ ਏ।"@ (Unesco, ੧੯੫੩:੧੧)

ਯੂਨੈਸਕੋ ਦੀ ਇਹ ਰਾਇ ਬੜੀਆਂ ਲੰਮੀਆਂ-ਚੌੜੀਆਂ ਪੜਤਾਲਾਂ ਦਾ ਸਿੱਟਾ ਸੀ। ਏਸੇ ਤਰ੍ਹਾਂ ਯੂਨੈਸਕੋ ਨੇ ੧੯੬੮ ਵਿੱਚ ਦੁਹਰਾਇਆ,

''ਮਾਤ ਭਾਖਾ ਦੀ ਸਿੱਖਿਆ ਲਈ ਵਰਤੋਂ ਜਿੰਨੀ ਦੂਰ ਤੱਕ ਸੰਭਵ ਹੋ ਸੱਕੇ ਓਨੀ ਦੂਰ ਤੱਕ ਕੀਤੀ ਜਾਵੇ।" @(Unesco, ੧੯੬੮:੬੯੧)

ਯੂਨੈਸਕੋ ਦੀ ੨੦੦੪ ਦੀ ਵਿਗਾਸ ਪੜਤਾਲ-ਲਿਖਤ ਵਿੱਚ ਇਹ ਦਰਜ ਏ:

''ਫਿਲੀਪੀਨ ਵਿੱਚ ਦੋ-ਭਾਖਾਈ ਸਿੱਖਿਆ ਨੀਤੀ ਦੀਆਂ ਦੋ ਭਾਖਾਵਾਂ (ਟਾਗਾਲੋਗ ਤੇ ਅੰਗਰੇਜੀ) ਵਿੱਚ ਮੁਹਾਰਤ ਰੱਖਣ ਵਾਲੇ ਵਿਦਿਆਰਥੀ ਉਹਨਾਂ ਵਿਦਿਆਰਥੀਆਂ ਨੂੰ ਪਿੱਛੇ ਛੱਡ ਜਾਂਦੇ ਸਨ ਜਿਹੜੇ ਘਰ ਵਿੱਚ ਟਾਗਾਲੋਗ ਨਹੀਂ ਸਨ ਬੋਲਦੇ" @(UNDP Report ੨੦੦੪:੬੧)

ਹੇਠਲੀ ਟੂਕ ਤਾਂ ਪ੍ਰਧਾਨ ਰੂਪ ਵਿੱਚ ਅੰਗਰੇਜੀ ਭਾਖੀ ਦੇਸ ਅਮਰੀਕਾ ਬਾਰੇ ਵੇ:

''ਅਮਰੀਕਾ ਵਿੱਚ ਜਿਨ੍ਹਾਂ ਨਵਾਯੋ ਬੱਚਿਆਂ ਨੂੰ ਪ੍ਰਾਇਮਰੀ ਪੱਧਰ 'ਤੇ ਪਹਿਲੀ ਭਾਖਾ (ਨਵਾਯੋ) ਅਤੇ ਦੂਜੀ ਭਾਖਾ (ਅੰਗਰੇਜੀ) ਦੋਹਾਂ ਵਿੱਚ ਪੜ੍ਹਾਇਆ ਗਿਆ ਉਹਨਾਂ ਬੱਚਿਆਂ ਨੇ ਨਵਾਯੋ ਭਾਖੀ ਉਹਨਾਂ ਬੱਚਿਆਂ ਨੂੰ ਪਿੱਛੇ ਛੱਡ ਦਿੱਤਾ ਜਿਨ੍ਹਾਂ ਨੂੰ ਕੇਵਲ ਅੰਗਰੇਜੀ ਵਿੱਚ ਪੜ੍ਹਾਇਆ ਗਿਆ।" @(ਉਹੀ:੬੧)

ਭਾਰਤੀ ਅੰਗਰੇਜੀ-ਨਸ਼ੇੜੀਆਂ ਨੂੰ ਬੇਨਤੀ ਏ ਪਈ ਉਹ ਇਹ ਜਾਣਨ ਦੀ ਖੇਚਲ ਕਰਨ ਪਈ ਅਮਰੀਕਾ, ਕਨੇਡਾ, ਨਿਊਜੀਲੈਂਡ ਤੇ ਅਸਟਰੇਲੀਆ ਜਿਹੇ ਮੁੱਖ ਤੌਰ 'ਤੇ ਅੰਗਰੇਜੀ ਭਾਖੀ ਦੇਸਾਂ ਵਿੱਚ ਵੀ ਕਿੰਨੀ ਵੱਡੀ ਗਿਣਤੀ ਵਿੱਚ ਪਾਠਸਾਲਾਂ ਵਿੱਚ ਸਿੱਖਿਆ ਦਾ ਮਾਧਿਅਮ ਅੰਗਰੇਜੀ ਨਹੀਂ ਏਂ।

ਹੇਠਾਂ ਦਿੱਤੀਆਂ ਟੂਕਾਂ ਇਸ ਮਾਮਲੇ 'ਤੇ ਦੁਨੀਆਂ ਭਰ ਵਿੱਚ ਵੱਖ-ਵੱਖ ਥਾਂਵਾਂ ਤੇ ਹੋਈਆਂ ਪੜਤਾਲਾਂ ਵਿਚੋਂ ਨੇ:

''ਇੰਞ ਮੋਦਿਆਨੋ (੧੯੬੮, ੧੯੭੩) ਦੀ ਮੈਕਸੀਕੋ ਵਿਚਲੀ ਖੋਜ, ਸਕੁਤਨਾਬ-ਕਾਂਗਸ ਦੀ ਫਿਨਲੈਂਡ ਵਿਚਲੀ ਖੋਜ ਅਤੇ ਉਹਨਾਂ ਲਾਤੀਨੀ ਅਮਰੀਕੀ ਪੜਤਾਲਾਂ ਦੇ ਸਿੱਟੇ ਜਿਨ੍ਹਾਂ ਦਾ ਸਾਰ ਗੁਦਸ਼ਿੰਸਕੀ (੧੯੭੫) ਵਿੱਚ ਦਿੱਤਾ ਗਿਆ ਏ, ਮੈਨੂੰ ਇਕਸਾਰ ਲੱਗਦੇ ਨੇ। ਇਹਨਾਂ ਪੜਤਾਲਾਂ ਵਿੱਚ ਵਿਖਾਇਆ ਗਿਆ ਏ ਪਈ ਉਹਨਾਂ ਬੱਚਿਆਂ ਦਾ ਵੱਡਾ ਅਨੁਪਾਤ ਜੋ ਪਹਿਲਾਂ ਆਪਣੀ ਪੜ੍ਹਾਈ ਥਾਂਵੀਂ ਭਾਖਾ ਵਿੱਚ ਅਰੰਭ ਕਰਦਾ ਏ, ਆਪਣੀ ਮਾਤ ਭਾਖਾ ਵਿੱਚ ਸਾਖਰੀ (ਸਾਖਰਤਾ) ਦਾ ਵਿਗਾਸ ਕਰ ਲੈਂਦਾ ਏ ਤੇ ਵਿਸ਼ੇ ਤੇ ਦੂਜੀ ਭਾਖਾ 'ਤੇ ਉਹਨਾਂ ਬੱਚਿਆਂ ਨਾਲੋਂ ਬਿਹਤਰ ਮੁਹਾਰਤ ਹਾਸਲ ਕਰ ਲੈਂਦਾ ਏ ਜਿਨ੍ਹਾਂ ਨੂੰ ਬੱਸ ਦੂਜੀ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ।" @(Tucker, ੧੯੭੭:੩)

ਹੇਠਲੀ ਟੂਕ ਫਿਨਲੈਂਡ ਤੋਂ ਸਵੀਡਨ ਵਿੱਚ ਪਰਵਾਸ ਕਰਨ ਵਾਲੇ ਬੱਚਿਆਂ ਤੇ ਹੋਈਆਂ ਪੜਤਾਲਾਂ ਵਿੱਚੋਂ ਏਂ:

''ਨਿਰੀਖਣ ਦੇ ਨਤੀਜੇ ਦੱਸਦੇ ਨੇ ਪਈ ਫਿਨੀਸ਼ੀ ਭਾਖਾ ਦੀ ਮੁਹਾਰਤ ਦਾ ਗਣਿਤ ਵਿੱਚ ਪ੍ਰਾਪਤ ਅੰਕਾਂ ਨਾਲ ਵਾਹਵਾ ਨੇੜਲਾ ਸਬੰਧ ਏ। ਸਵੀਡੀ ਨਾਲੋਂ ਫਿਨੀਸ਼ੀ ਗਣਿਤ ਵਿੱਚ ਪ੍ਰਾਪਤੀ ਲਈ ਵਧੇਰੇ ਮਹੱਤਾ ਵਾਲੀ ਲੱਗਦੀ ਏ, ਭਾਵੇਂ ਕਿ ਗਣਿਤ ਸਵੀਡੀ ਵਿੱਚ ਪੜ੍ਹਾਇਆ ਜਾਂਦਾ ਏ। ਸਿੱਟੇ ਇਸ ਰਾਇ ਦੀ ਪ੍ਰੋੜ੍ਹਤਾ ਕਰਦੇ ਨੇ ਪਈ ਗਣਿਤ ਵਿਚਲੇ ਸੰਕਲਪੀ ਅਮਲਾਂ ਲਈ ਮਾਤ ਭਾਖਾ ਦਾ ਅਮੂਰਤਣ ਪੱਧਰ ਮਹੱਤਾ ਵਾਲਾ ਏ। ਜੀਵ ਵਿਗਿਆਨ, ਰਸਾਇਣ ਵਿਗਿਆਨ, ਤੇ ਭੌਤਿਕ ਵਿਗਿਆਨ ਵਿੱਚ ਵੀ ਸੰਕਲਪਵੀ ਸੋਚ ਦੀ ਲੋੜ ਹੁੰਦੀ ਏ ਤੇ ਇਹਨਾਂ ਵਿਸ਼ਿਆਂ ਵਿੱਚ ਆਪਣੀ ਮਾਤ ਭਾਖਾ 'ਤੇ ਚੰਗੀ ਪਕੜ ਵਾਲੇ ਪਰਵਾਸੀ ਬੱਚੇ ਓਹਨਾਂ ਬੱਚਿਆਂ ਨਾਲੋਂ ਕਿਧਰੇ ਬਿਹਤਰ ਸਫਲਤਾ ਹਾਸਲ ਕਰਦੇ ਨੇ ਜਿਨ੍ਹਾਂ ਦੀ ਮਾਤ ਭਾਖਾ 'ਤੇ ਪਕੜ ਮਾੜੀ ਸੀ। @(Skutnabb-Kangas and Toukomaa, ੧੯੭੬)" (Paulston, ੧੯੭੭:੯੪ ਵਿੱਚ ਉਕਤਾਇਆ)

ਅਮਰੀਕਾ ਬਾਰੇ ਇੱਕ ਹੋਰ ਕਥਨ ਵੇਖੋ:

"ਇੰਵੇ ਹੀ ਅਮਰੀਕਾ ਵਿੱਚ ਵੀ ਹੌਲੀ-ਹੌਲੀ ਇਹ ਸਮਝ ਪੈਦਾ ਹੋ ਗਈ ਏ ਪਈ ਅਣ-ਅੰਗਰੇਜੀ ਭਾਖੀ ਨਗਰੀਆਂ ਨੂੰ ਅੰਗਰੇਜੀ ਭਾਖੀ ਸਿੱਖਿਆ ਪ੍ਰਣਾਲੀ ਵਿੱਚ ਪਾਉਣ ਤੇ ਉਹਨਾਂ ਦੀ ਮਾਤ ਭਾਖਾ ਦੇ ਵਿਗਾਸ ਵੱਲ ਧਿਆਨ ਨਾ ਦੇਣ ਦੇ ਨਤੀਜੇ ਚੰਗੇ ਨਹੀਂ ਨਿਕਲਦੇ।" @(Tucker, ੧੯੭੭:੩)

ਘਾਨਾ ਵਿੱਚ ਹੋਈ ਇੱਕ ਖੋਜ ਬਾਰੇ "ਬੋਕਾਮਲਾ ਅਤੇ ਤਲੂ (੧੯੭੭:੪੫) ਦੱਸਦੇ ਨੇ ਪਈ ਘਾਨਾ ਵਿੱਚ ਬੱਸ ੫ ਫੀਸਦੀ ਬੱਚੇ ਸੈਕੰਡਰੀ ਪਾਠਸਾਲ ਵਿੱਚ ਅਤੇ ਜਾਇਰ ਵਿੱਚ ਬੱਸ ੩੦ ਫੀਸਦੀ ਬੱਚੇ ਪਹਿਲੀਆਂ ਚਾਰ ਜਮਾਤਾਂ ਪੂਰੀਆਂ ਕਰਦੇ ਨੇ। ਲੇਖਕ ਇਸ ਦਾ ਕਾਰਣ ਸਿੱਖਿਆ ਦੀ ਭਾਖਾ 'ਤੇ ਪਕੜ ਨਾ ਕਰ ਪਾਉਣਾ ਦੱਸਦਾ ਏ।" @(Tucker, ੧੯੭੭:੩)

"ਇਹ ਧਾਰਣਾ ਵੀ ਗਲਤ ਏ ਪਈ ਜੇ ਵਿਦਿਆਰਥੀ ਨੂੰ ਅੰਗਰੇਜੀ ਨਹੀਂ ਆਉਂਦੀ ਤਾਂ ਉਹ ਵਿਗਿਆਨ ਅਤੇ ਗਣਿਤ ਦੇ ਵਿਸ਼ੇ ਨਹੀਂ ਸਿੱਖ ਸਕੇਗਾ, ਕਿਉਂਕਿ ਵਿਗਿਆਨ ਦੇ ਸੰਕਲਪ ਕਿਸੇ ਇੱਕ ਭਾਖਾ ਜਾਂ ਸੱਭਿਆਚਾਰ ਨਾਲ ਬੱਝੇ ਹੋਏ ਨਹੀਂ। ਰੂਸੀ, ਜਰਮਨ ਤੇ ਫਰਾਂਸੀਸੀ ਲੋਕ ਆਪਣੀਆਂ ਉੱਚੀਆਂ ਵਿਗਿਆਨਵੀ ਖੋਜਾਂ 'ਤੇ ਮਾਣ ਕਰਦੇ ਨੇ ਤੇ ਉਹਨਾਂ ਨੇ ਇਹ ਖੋਜਾਂ ਅੰਗਰੇਜੀ ਭਾਖਾ ਤੋਂ ਬਿਨਾਂ ਕੀਤੀਆਂ ਨੇ। ੨੦੦੩ ਵਿੱਚ ਗਣਿਤ ਅਤੇ ਵਿਗਿਆਨਵੀ ਅਧਿਐਨਾਂ ਦੇ ਰੁਝਾਨਾਂ ਵਿੱਚ ਚੋਟੀ 'ਤੇ ਰਹਿਣ ਵਾਲੇ ਪੰਜ ਦੇਸ (ਸਿੰਗਾਪੁਰ, ਕੋਰੀਆ ਗਣਤੰਤਰ, ਹਾਂਗਕਾਂਗ, ਚੀਨੀ ਤਾਈਪੇਈ, ਤੇ ਜਪਾਨ) ਉਹ ਸਨ ਜਿੱਥੇ ਅੰਗਰੇਜੀ ਪਹਿਲੀ ਭਾਖਾ ਨਹੀਂ ਏਂ।" (Ricardo Nolasco, ੨੦੦੯)

੨੦੧੨ ਵਿੱਚ ਵਿਗਿਆਨ ਦੀ ਪਾਠਸਾਲ ਪੱਧਰ ਦੀ ਸਿੱਖਿਆ ਵਿੱਚ ਪਹਿਲੇ ੫੦ ਥਾਂ ਹਾਸਲ ਕਰਨ ਵਾਲੇ ਦੇਸਾਂ ਵਿੱਚੋਂ ਅੰਗਰੇਜੀ ਵਿੱਚ ਪੜ੍ਹਾਉਣ ਵਾਲੇ ਦੇਸਾਂ ਦੇ ਥਾਂ ਤੀਜਾ (ਸਿੰਗਾਪੁਰ), ਦਸਵਾਂ (ਕਨੇਡਾ), ਚੌਹਦਵਾਂ (ਆਇਰਲੈਂਡ), ਸੋਹਲਵਾਂ (ਅਸਟਰੇਲੀਆ), ਅਠ੍ਹਾਰਵਾਂ (ਨਿਊਜੀਲੈਂਡ) ਅਤੇ ਅਠਾਈਵਾਂ (ਅਮਰੀਕਾ) ਸਨ। (ਇਹਨਾਂ ਦੇਸਾਂ ਵਿੱਚ ਵੀ ਸਿੱਖਿਆ ਅੰਗਰੇਜੀ ਦੇ ਨਾਲ-ਨਾਲ ਦੂਜੀਆਂ ਮਾਤ ਭਾਖਾਵਾਂ ਵਿੱਚ ਵੀ ਦਿੱਤੀ ਜਾਂਦੀ ਏ)। ੨੦੦੩, ੨੦੦੬ ਅਤੇ ੨੦੦੯ ਵਿੱਚ ਵੀ ਇਹੀ ਰੁਝਾਨ ਸਨ। ਏਸ਼ੀਆ ਦੇ ਪਹਿਲੇ ਪੰਜਾਹ ਵਿਸ਼ਵਵਿਦਿਆਲਿਆਂ ਵਿੱਚ ਇੱਕਾ-ਦੁੱਕਾ ਈ ਅਜਿਹਾ ਏ ਜਿੱਥੇ ਪੜ੍ਹਾਈ ਅੰਗਰੇਜੀ ਮਾਧਿਅਮ ਵਿੱਚ ਕਰਾਈ ਜਾਂਦੀ ਏ ਤੇ ਭਾਰਤ ਦਾ ਇੱਕ ਵੀ ਵਿਸ਼ਵਵਿਦਿਆਲਾ ਇਹਨਾਂ ਪੰਜਾਹਵਾਂ ਵਿੱਚ ਨਹੀਂ ਆਉਂਦਾ। ਦੁਨੀਆਂ ਦੀ ਪੱਧਰ 'ਤੇ ਵੇਖੀਏ ਤਾਂ ੨੦੨੧ ਦੇ ਇੱਕ ਮੁਲੰਕਣ ਮੁਤਾਬਕ ਭਾਰਤ ਦਾ ਕੋਈ ਵਿਸ਼ਵਵਿਦਿਆਲਾ ਪਹਿਲੇ ਤਿੰਨ ਸੌ ਵਿੱਚ ਵੀ ਨਹੀਂ ਆਉਂਦਾ, ਜਦੋਂ ਕਿ ਅੰਗਰੇਜੀ ਵਿੱਚ ਨਾ ਪੜ੍ਹਾਉਣ ਵਾਲੇ ਚੀਨ ਦੇ ਪਹਿਲੇ ਸੌ ਵਿੱਚ ਛੇ ਨੇ (https://www.mastersportal.com/ranking-country/108/india.html)। ਪੁਰਾਣੇ ਵੇਲਿਆਂ ਵਿੱਚ ਜਦੋਂ ਭਾਰਤ ਤੇ ਅਰਬ ਦੇਸਾਂ ਦੇ ਗਿਆਨ-ਵਿਗਿਆਨ ਵਿੱਚ ਝੰਡੇ ਝੂਲਦੇ ਸਨ, ਕੁਝ ਖਾਸ ਅਰਥਾਂ ਵਿੱਚ ਅੰਗਰੇਜੀ ਉਦੋਂ ਹਾਲੇ ਜੰਮੀ ਵੀ ਨਹੀਂ ਸੀ।

ਨਾਰਵੇ ਦੀ 'ਗਲੋਬਲ ਮੋਨੀਟਰਿੰਗ ਰਿਪੋਰਟ' (Benson, ੨੦੦੫) ਵਿੱਚ ਆਹ ਆਖਿਆ ਏ:

"ਯੋਰੂਬਾ ਮਾਧਿਅਮ ਮੁੱਢਲੀ ਸਿੱਖਿਆ ਪ੍ਰਾਜੈਕਟ (Fofunwa, et. al, ੧੯੭੫, Akinnaso, ੧੯੯੩ ਅਤੇ ਹੋਰ ਹਵਾਲਿਆਂ ਲਈ Adegpiya ੨੦੦੩ ਵੇਖੋ) ਤੋਂ ਪੂਰੀ ਤਰ੍ਹਾਂ ਸਾਬਤ ਹੋ ਗਿਆ ਪਈ ਮਾਤ ਭਾਖਾ ਮਾਧਿਅਮ ਵਿੱਚ ਪੂਰੇ ਛੇ ਸਾਲਾਂ ਦੀ ਪੜ੍ਹਾਈ ਤੇ ਪਰਦੇਸੀ ਭਾਖਾ ਅੰਗਰੇਜੀ ਨੂੰ ਇੱਕ ਵਿਸ਼ੇ ਵੱਜੋਂ ਪੜ੍ਹਾਉਣਾ ਕੇਵਲ ਮੁਮਕਿਨ ਹੀ ਨਹੀਂ ਸੀ ਬਲਕਿ ਇਸ ਨਾਲ ਪੂਰੀ ਪੜ੍ਹਾਈ ਅੰਗਰੇਜੀ ਮਾਧਿਅਮ ਰਾਹੀਂ ਕਰਾਉਣ ਨਾਲੋਂ ਬਿਹਤਰ ਨਤੀਜੇ ਸਾਹਮਣੇ ਆਏ।"

"ਹੁਣੇ-ਹੁਣੇ ਦੀਆਂ ਖੋਜਾਂ ਵੀ ਇਹ ਸਾਬਤ ਕਰਦੀਆਂ ਨੇ ਤੇ ਮਾਤ ਭਾਖਾ 'ਤੇ ਟਿਕੀ ਦੋ ਭਾਖਾਈ ਸਿੱਖਿਆ ਦੇ ਹਾਂ-ਪੱਖੀ ਪੱਖਾਂ ਨੂੰ ਸਾਹਮਣੇ ਲਿਆਉਣ ਵਿੱਚ ਹੋਰ ਵੀ ਅੱਗੇ ਜਾਂਦੀਆਂ ਨੇ।" (Benson, ੨੦੦੪)। (ਮਾਤ ਭਾਖਾ 'ਤੇ ਟਿਕੀ ਦੋ ਭਾਖਾਈ ਸਿੱਖਿਆ ਤੋਂ ਭਾਵ ਏ ਪਈ ਮਾਤ ਭਾਖਾ ਮਾਧਿਅਮ ਵਿੱਚ ਸਿੱਖਿਆ ਹੋਵੇ ਤੇ ਪਰਦੇਸੀ/ਦੂਜੀ ਭਾਖਾ ਇੱਕ ਵਿਸ਼ੇ ਵੱਜੋਂ ਪੜ੍ਹਾਈ ਜਾਵੇ)।

ਇੰਵ, ਅਸੀਂ ਵੇਖਦੇ ਆਂ ਪਈ ਪੂਰੀ ਦੁਨੀਆਂ ਵਿੱਚ ਇਹ ਵਾਰ-ਵਾਰਰ ਸਾਬਤ ਹੋ ਚੁੱਕਾ ਏ ਪਈ ਸਿੱਖਿਆ ਵਿੱਚ ਜਿੰਨੀ ਸਫਲਤਾ ਮਾਤ ਭਾਖਾ ਮਾਧਿਅਮ ਨਾਲ ਹਾਸਲ ਹੋ ਸੱਕਦੀ ਏ, ਓਨੀ ਸਫਲਤਾ ਪਰਦੇਸੀ ਭਾਖਾ ਮਾਧਿਅਮ ਰਾਹੀਂ ਨਹੀਂ ਹੋ ਸੱਕਦੀ। ਇਹ ਆਖਣਾ ਗਲਤ ਨਹੀਂ ਏਂ ਪਈ ਸਿੱਖਿਆ ਦੀ ਸਫਲਤਾ ਸਿਰਫ ਤੇ ਸਿਰਫ ਮਾਤ ਭਾਖਾ ਮਾਧਿਅਮ ਨਾਲ ਈ ਹੋ ਸੱਕਦੀ ਏ। ਹੇਠਲਾ ਕਥਨ ਇਹਦੇ ਕੁਝ ਕਾਰਣਾਂ ਨੂੰ ਸਾਹਮਣੇ ਲਿਆਉਂਦਾ ਏ:

"ਬੱਚਾ ਆਪਣੀ ਗੱਲ ਆਪਣੀ ਮਾਤ ਭਾਖਾ ਵਿੱਚ ਅਸਾਨੀ ਨਾਲ ਆਖ ਸੱਕਦਾ ਏ, ਕਿਉਂਕਿ ਇੰਵ ਉਹਨੂੰ ਗਲਤੀਆਂ ਕਰਨ ਦਾ ਡਰ ਨਹੀਂ ਹੁੰਦਾ। ਮਾਤ ਭਾਖਾ 'ਤੇ ਟਿਕੀ ਸਿੱਖਿਆ ਵਿੱਚ ਵਿਦਿਆਰਥੀ ਸਰਗਰਮੀ ਨਾਲ ਹਿੱਸਾ ਲੈਂਦੇ ਨੇ ਕਿਉਂਕਿ ਜਿਹੜਾ ਉਹਨਾਂ ਨੂੰ ਦੱਸਿਆ ਜਾਂਦਾ ਏ ਜਾਂ ਜਿਹੜਾ ਉਹਨਾਂ ਤੋਂ ਪੁੱਛਿਆ ਜਾਂਦਾ ਏ ਉਹਨੂੰ ਉਹ ਸਮਝਦੇ ਨੇ। ਵਿਚਾਰਾਂ ਦੀ ਸਿਰਜਣਾ ਤੇ ਯਥਾਰਥ ਦੇ ਵੇਰਵੇ ਲਈ, ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ, ਅਤੇ ਜੋ ਵਿਚਾਰ ਉਹਨਾਂ ਦੇ ਦਿਮਾਗ ਦਾ ਹਿੱਸਾ ਨੇ ਉਹਨਾਂ ਵਿੱਚ ਨਵੇਂ ਵਿਚਾਰ ਸ਼ਾਮਲ ਕਰਨ ਲਈ ਉਹ ਮਾਤ ਭਾਖਾ ਦੀ ਤੁਰਤ ਵਰਤੋਂ ਕਰ ਸੱਕਦੇ ਨੇ। ਮਾਤ ਭਾਖਾ 'ਤੇ ਟਿਕੀ ਸਿੱਖਿਆ ਅਧਿਆਪਕਾਂ ਨੂੰ ਵੀ ਬਲ ਬਖਸ਼ਦੀ ਏ, ਖਾਸ ਤੌਰ 'ਤੇ ਜਦੋਂ ਉਹ ਉਸ ਥਾਂ ਦੀ ਭਾਖਾ ਵਿੱਚ ਪਰਦੇਸੀ/ਦੂਜੀ ਭਾਖਾ

ਨਾਲੋਂ ਵੱਧ ਮੁਹਾਰਤ ਰੱਖਦੇ ਹੋਣ, ਕਿਉਂਕਿ ਇੰਞ ਵਿਦਿਆਰਥੀ ਆਪਣੇ ਆਪ ਨੂੰ ਬਿਹਤਰ ਪ੍ਰਗਟ ਕਰ ਸੱਕਦੇ ਨੇ ਤੇ ਅਧਿਆਪਕ ਵਧੇਰੇ ਠੀਕ ਢੰਗ ਨਾਲ ਜਾਣ ਸਕਦੇ ਨੇ ਪਈ ਵਿਦਿਆਰਥੀਆਂ ਨੇ ਕੀ ਸਿੱਖ ਲਿਆ ਏ ਤੇ ਕਿਹੜੇ ਅਜਿਹੇ ਖੇਤਰ ਨੇ ਜਿੱਥੇ ਵਿਦਿਆਰਥੀਆਂ ਨੂੰ ਵਧੇਰੇ ਸਹਾਇਤਾ ਦੀ ਲੋੜ ਏ। ਮਾਤ ਭਾਖਾ 'ਤੇ ਟਿਕੀ ਸਿੱਖਿਆ ਲੋਕਾਂ ਦੇ ਸਾਂਝੇ ਗਿਆਨ ਨੂੰ ਪਾਠਸਾਲ ਪ੍ਰਣਾਲੀ ਨਾਲ ਜੋੜਨ ਲਈ ਨੀਂਹ ਤਿਆਰ ਕਰਦੀ ਏ। ਮਾਤ ਭਾਖਾ 'ਤੇ ਟਿਕੀ ਸਿੱਖਿਆ ਵਿੱਚ ਇਹ ਵੀ ਸੰਭਵ ਹੁੰਦਾ ਏ ਪਈ ਕੋਈ ਸਮੂਹ ਉਸ ਥਾਂ ਦੇ ਰਚਨਾਕਾਰਾਂ, ਸਭਿਆਚਾਰਵੀ ਜਥੇਬੰਦੀਆਂ ਤੇ ਦੂਜੇ ਸਬੰਧਤ ਲੋਕਾਂ ਨਾਲ ਮਿਲ ਕੇ ਅਰਥ ਭਰਪੂਰ ਸਿੱਖਿਆ ਸਮੱਗਰੀ ਤਿਆਰ ਕਰ ਸੱਕਣ। ਮਾਤ ਭਾਖਾ 'ਤੇ ਟਿਕੀ ਸਿੱਖਿਆ ਮਾਪਿਆਂ ਨੂੰ ਵੀ ਬਲ ਬਖਸ਼ਦੀ ਏ ਕਿਉਂਕਿ ਇੰਞ ਉਹ ਆਪਣੇ ਬੱਚੇ ਦੀ ਸਿੱਖਿਆ ਵਿੱਚ ਸਰਗਰਮੀ ਨਾਲ ਹਿੱਸਾ ਲੈ ਸੱਕਦੇ ਨੇ, ਕਿਉਂਕਿ ਇੰਞ ਪਾਠਸਾਲ ਦੀ ਭਾਖਾ ਅਤੇ ਸਮੂਹ ਦੀ ਭਾਖਾ ਇੱਕ ਈ ਹੁੰਦੀ ਏ।" @(Ricardo and Nolasco, ੨੦੦੯)

ਭਾਖਾ ਵਿਦਵਾਨਾਂ ਤੇ ਸਿੱਖਿਆ ਵਿਦਵਾਨਾਂ ਅਨੁਸਾਰ ਜੇ ਮਾਤ ਭਾਖਾ ਵਿੱਚ ਸਿੱਖਿਆ ਨਹੀਂ ਹੁੰਦੀ ਤਾਂ ਬੱਚਾ ਆਪਣੇ ਕਈ ਸਾਲ ਭਾਖਾ ਸਿੱਖਣ ਵਿੱਚ ਈ ਰੋੜ੍ਹ ਲੈਂਦਾ ਏ, ਕਿਉਂਕਿ ਇੰਞ ''ਵਿਦਿਆਰਥੀ ਅਤੇ ਅਧਿਆਪਕ ਦਾ ਧਿਆਨ ਭਾਖਾ ਤੇ ਹੀ ਟਿਕਿਆ ਰਵ੍ਹੇਗਾ ਤੇ ਵਿਗਿਆਨ, ਗਣਿਤ, ਤੇ ਸਾਖਰੀ 'ਤੇ ਨਹੀਂ ਜਾਵੇਗਾ।'' (Ricardo and Nolasco, ੨੦੦੯:੧੧)। ਦੁਨੀਆਂ ਭਰ ਵਿੱਚ ਅੰਗਰੇਜੀ ਪੜ੍ਹਾਉਣ ਵਾਲੀ ਇੰਗਲੈਂਡ ਦੀ ਸਰਕਾਰੀ ਸੰਸਥਾ ਬਰਿਟਿਸ਼ ਕੌਂਸਲ ਦੀ ੨੦੧੭ ਵਿੱਚ ਛਪੀ ਕਿਤਾਬ (ਇੰਗਲਿਸ਼ ਲੈਂਗੁਏਜ ਐਂਡ ਮੀਡੀਅਮ ਆਫ ਇਨਸਟਰਕਸ਼ਨ ਇਨ ਬੇਸਿਕ ਐਜੂਕੇਸ਼ਨ…' ਪੰਨਾਂ ੩, ਕਿਤਾਬ ਮੱਕੜਜਾਲ 'ਤੇ ਪਈ ਏ) ਵਿੱਚ ਅੰਗਰੇਜੀ ਮਾਧਿਅਮ ਦੇ ਨੁਕਸਾਨਾਂ ਬਾਰੇ ਆਹ ਦਰਜ ਏ (ਪੰਨਾ ੩): 'ਛੇ ਤੋਂ ਅੱਠ ਸਾਲ ਲੱਗਦੇ ਨੇ ਪਈ ਕੋਈ ਬੱਚਾ ਏਨੀ ਕੁ ਅੰਗਰੇਜੀ ਸਿੱਖ ਲਵੇ ਪਈ ਉਸ ਨੂੰ ਪਾਠਮਾਲਾ ਵਿਚਲਾ ਵਿਸ਼ਾ-ਵਸਤੂ ਸਮਝ ਆ ਸੱਕੇ। ਏਨੇ ਸਾਲ ਲਾ ਕੇ ਵੀ ਉਹ ਅੰਗਰੇਜੀ ਏਨੀ ਚੰਗੀ ਨਹੀਂ ਸਿੱਖ ਸੱਕਦਾ ਪਈ ਉਹ ਉਤਲੀਆਂ ਜਮਾਤਾਂ ਵਿਚਲੇ ਪਾਠਮਾਲਾ ਨੂੰ ਚੰਗੀ ਤਰ੍ਹਾਂ ਸਮਝ ਸੱਕੇ'। ਜੇ ਅੰਗਰੇਜੀ ਮਾਧਿਅਮ ਵਾਲੇ ਨਿਆਣੇ ਦਾ ਇੱਕ ਸਾਲ ਦਾ ਖਰਚਾ ਪੰਜਾਹ ਹਜਾਰ ਵੀ ਮੰਨ ਲਈਏ ਤਾਂ ਵਿਆਜ ਤੋਂ ਬਿਨਾਂ ਵੀ ਅੱਠ ਸਾਲਾਂ ਦੇ ਚਾਰ ਲੱਖ ਬਣਦੇ ਨੇ। ਪੂਰਾ ਭਾਰਤ ਕਿੰਨਾ ਪੈਸਾ ਰੋੜ੍ਹਦਾ ਪਿਆ ਏ ਇਹ ਸੋਚਣ ਨਾਲ ਈ ਗਸ਼ੀ ਪੈ ਸੱਕਦੀ ਏ। ਨਿਆਣੇ ਦੇ ਅੱਠ ਸਾਲ ਰੁੜ੍ਹਨ ਦਾ ਕੀ ਮਤਲਬ ਏ, ਇਹ ਦੱਸਣ ਦੀ ਲੋੜ ਨਹੀਂ ਹੋਣੀ ਚਾਹੀਦੀ। ਸੋ, ਸਾਨੂੰ ਭਾਰਤੀਆਂ ਨੂੰ ਪਤਾ ਲੱਗ ਜਾਣਾ ਚਾਹੀਦਾ ਏ ਪਈ ਅੰਗਰੇਜੀ ਵਧੀਆ ਸਿੱਖਣ ਲਈ ਅੰਗਰੇਜੀ ਨਸ਼ੇ ਨਾਲੋਂ ਅੰਗਰੇਜੀ ਸਿੱਖਣ ਬਾਰੇ ਅੱਜ ਦੀ ਅੰਗਰੇਜ ਸਮਝ ਅਪਨਾਉਣ ਦੀ ਲੋੜ ਏ। ਪੰਜਾਬੀ ਮਾਧਿਅਮ ਵਾਲੇ ਬੱਚਿਆਂ ਨੂੰ ਅੰਗਰੇਜੀ ਇਸ ਕਰਕੇ ਨਹੀਂ ਆਉਂਦੀ ਪਈ ਕਿਉਂਕਿ ਓਥੇ ਪੜ੍ਹਾਈਓ ਈ ਨਹੀਂ ਏਂ, ਅੰਗਰੇਜੀ ਲਈ ਜਿਹੜੀਆਂ ਥੰਮ੍ਹੀਆਂ ਦੀ ਲੋੜ ਏ (ਟਿਊਸ਼ਨ, ਪੜ੍ਹੇ ਮਾਪੇ ਆਦਿ) ਉਹ ਨਹੀਂ ਹੁੰਦੀਆਂ, ਨਿਆਣੇ ਮਾੜੀ ਹਾਲਤ ਵਾਲੇ ਪਿਛੋਕੜ ਤੋਂ ਹੁੰਦੇ ਨੇ, ਤੇ ਪੜ੍ਹਾਈ ਲਈ ਕੋਈ ਉਤਸਾਹ ਨਹੀਂ ਹੁੰਦਾ।

ਸਿੱਖਿਆ ਵਿੱਚ ਕਾਮਯਾਬੀ ਲਈ ਮਾਧਿਅਮ ਦੀ ਭਾਖਾ ਕੀ ਹੋਵੇ ਤੇ ਪਰਦੇਸੀ ਭਾਖਾ ਸਿੱਖਣ ਲਈ ਮਾਧਿਅਮ ਦੀ ਭਾਖਾ ਕੀ ਹੋਵੇ, ਇਸ ਬਾਰੇ ਸੰਸਾਰ ਬੈਂਕ ਵੱਲੋਂ ੨੦੨੧ ਵਿੱਚ ਜਾਰੀ ਕੀਤੀ ਪੜਤਾਲ ਸਾਡੇ ਲਈ ਬੜੀ ਢੁੱਕਵੀਂ ਏਂ।

ਪਿਛਲੇ ਦਿਨੀਂ ਸੰਸਾਰ ਬੈਂਕ ਨੇ ਸਿੱਖਿਆ ਦੇ ਮਾਧਿਅਮ ਬਾਰੇ ਸੌ ਕੁ ਪੰਨਿਆਂ ਦੀ ਇੱਕ ਪੜਤਾਲ ਜਾਰੀ ਕੀਤੀ ਏ। ਇਹ ਪਹਿਲੀ ਵਾਰ ਏ ਪਈ ਸੰਸਾਰ ਬੈਂਕ ਨੇ ਭਾਖਾ ਨੀਤੀ ਬਾਰੇ ਆਪਣੀ ਰਾਇ ਦਿੱਤੀ ਏ। ਇਸ ਪੜਤਾਲ ਬਾਰੇ ਸੰਸਾਰ ਬੈਂਕ ਵੱਲੋਂ ਅਖਬਾਰਾਂ ਨੂੰ ਹੇਠਲਾ ਬਿਆਨ ਜਾਰੀ ਕੀਤਾ ਗਿਆ:

**"ਸਿੱਖਣ ਦੀ ਮੰਦਹਾਲੀ ਨੂੰ ਮੁਕਾਉਣ ਲਈ ਬੱਚਿਆਂ ਨੂੰ ਉਸ ਭਾਖਾ 'ਚ ਪੜ੍ਹਾਉਣਾ ਜਰੂਰੀ ਏ ਜਿਹੜੀ ਉਹ ਘਰ ਬੋਲਦੇ ਨੇ।**

**ਵਾਸ਼ਿੰਗਟਨ, ਜੁਲਾਈ ੧੪, ੨੦੨੧** - ਜੇ ਬੱਚਿਆਂ ਨੂੰ ਉਸ ਭਾਖਾ ਵਿੱਚ ਪੜ੍ਹਾਇਆ ਜਾਵੇ ਜਿਹੜੀ ਉਹ ਬੋਲਦੇ ਤੇ ਸਮਝਦੇ ਨੇ ਤਾਂ ਉਹ ਸਿੱਖਦੇ ਵੀ ਵਧੇਰੇ ਨੇ ਤੇ ਉਹਨਾਂ ਦੇ ਪਾਠਸਾਲ ਵਿੱਚ ਟਿਕੇ ਰਹਿਣ ਦੀ ਸੰਭਾਵਨਾ ਵੀ ਵੱਧ ਹੁੰਦੀ ਏ। ਮੁੜ ਵੀ, ਨੀਵੀਂ ਤੇ ਮੱਧਲੀ ਆਮਦਨ ਵਾਲੇ ਦੇਸਾਂ ਦੇ ਬੱਚਿਆਂ ਦੇ ੩੭ ਫੀਸਦੀ ਨੂੰ ਹੋਰ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ, ਇਸ ਨਾਲ ਉਹ ਪਾਠਸਾਲ ਦੇ ਆਪਣੇ ਪੂਰੇ ਸਮੇਂ ਘਾਟੇ ਦੀ ਹਾਲਤ ਵਿੱਚ ਰਹਿੰਦੇ ਨੇ ਤੇ ਉਹਨਾਂ ਦੀ ਸਿੱਖਣ ਦੀ ਸਮਰੱਥਾ ਵੀ ਸੁੰਗੜੀ ਜਿਹੀ ਰਹਿੰਦੀ ਏ। ਸੰਸਾਰ ਬੈਂਕ ਦੀ ਇੱਕ ਨਵੀਂ ਪੜਤਾਲ-ਲਿਖਤ('ਬੁਲੰਦ ਤੇ ਦਿਨ ਵਾਂਙ ਚਿੱਟੀਆਂ: ਪੜ੍ਹਾਈ ਦੀ ਭਾਖਾ ਬਾਰੇ ਕਾਰਗਰ ਨੀਤੀਆਂ') ਅਨੁਸਾਰ, ਸਿੱਖਣ ਦੀ ਮੰਦਹਾਲੀ ਨੂੰ ਘਟਾਉਣ ਤੇ ਹੋਰ ਸਿੱਖਣ ਸਿੱਟਿਆਂ, ਇਕਸਮਾਨਤਾ, ਅਤੇ ਸਰਬ-ਭਾਈਵਾਲੀ ਦੇ ਸੁਧਾਰ ਲਈ, ਸਿੱਖਿਆ ਦੇ ਮਾਧਿਅਮ ਦੀ ਭਾਖਾ ਬਾਰੇ ਨੀਤੀਆਂ ਦੀ ਥਾਂ ਕੇਂਦਰੀ ਏ।

ਸਿਖਾਉਣ ਦਾ ਕਾਰਜ ਭਾਖਾ (ਉਚਾਰੀ ਤੇ ਲਿਖੀ) ਰਾਹੀਂ ਨੇਪਰੇ ਚੜ੍ਹਦਾ ਏ ਤੇ ਹੋਰ ਅਕਾਦਮੀ ਵਿਸ਼ੇ ਸਿੱਖਣ ਲਈ ਬੱਚਿਆਂ ਨੂੰ ਪੜ੍ਹਨਾ ਤੇ ਲਿਖਣਾ ਆਉਣਾ ਨੀਂਹ ਦਾ ਕੰਮ ਕਰਦਾ ਏ। 'ਬੁਲੰਦ ਤੇ ਦਿਨ ਵਾਂਙ ਚਿੱਟੀ' ਪੜਤਾਲ-ਲਿਖਤ ਇਸ ਨੂੰ ਬੜੇ ਸਰਲ ਢੰਗ ਨਾਲ ਇੰਞ ਆਖਦੀ ਏ: ਬਹੁਤੇ ਈ ਜਿਆਦਾ ਬਾਲਾਂ ਨੂੰ ਓਪਰੀ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ, ਜਿਹੜਾ ਕਿ ਇਸ ਗੱਲ ਲਈ ਸਭ ਤੋਂ ਵੱਧ ਮਹੱਤਾ ਵਾਲੇ ਕਾਰਣਾਂ 'ਚੋਂ ਇੱਕ ਏ ਪਈ ਬੜੇ ਦੇਸਾਂ ਵਿੱਚ ਸਿੱਖਣ ਦਾ ਪੱਧਰ ਏਨਾ ਮਾੜਾ ਕਿਓਂ ਏਂ।

ਜਿਹੜੇ ਬਾਲਾਂ 'ਤੇ ਇਹਨਾਂ ਨੀਤੀਆਂ ਅਤੇ ਚੋਣਾਂ ਦਾ ਸਭ ਤੋਂ ਵੱਧ ਅਸਰ ਹੁੰਦਾ ਏ ਉਹ ਅਕਸਰ ਹੋਰ ਪੱਖਾਂ ਤੋਂ ਵੀ ਊਣੇ ਹੁੰਦੇ ਨੇ - ਉਹ ਸਮਾਜ-ਅਰਥਵੀ (socio-economic) ਮਾਪ ਦੇ ਹੇਠਲੇ ੪੦ ਫੀਸਦੀ 'ਚੋਂ ਹੁੰਦੇ ਨੇ ਤੇ ਦੁਰਾਡੀਆਂ ਥਾਵਾਂ 'ਤੋਂ ਹੁੰਦੇ ਨੇ। ਉਹਨਾਂ ਦੇ ਸਿੱਖਣ 'ਤੇ ਸਿੱਟਾ-ਹੀਣ ਭਾਸ਼ਾ ਨੀਤੀਆਂ ਦੇ ਪੈਣ ਵਾਲੇ ਅਸਰ ਨਾਲ ਨਜਿੱਠਣ ਲਈ ਉਹਨਾਂ ਕੋਲ ਪਰਿਵਾਰੀ ਸਰੋਤਾਂ ਦੀ ਵੀ ਅਣਹੋਂਦ ਹੁੰਦੀ ਏ। ਇਸਦਾ ਸਿੱਟਾ ਪੜ੍ਹਾਈ ਛੱਡਣ ਦੀਆਂ ਉੱਚੀਆਂ ਦਰਾਂ, ਉਚੇਰੀਆਂ ਜਮਾਤੀ ਦੁਹਰਾਓ ਦਰਾਂ, ਉਚੇਰੀ ਸਿੱਖਣ ਮੰਦਹਾਲੀ, ਤੇ ਸਮੁੱਚੇ ਤੌਰ 'ਤੇ ਘੱਟ ਸਿੱਖਣ ਵਿੱਚ ਨਿਕਲਦਾ ਏ।

ਸੰਸਾਰ ਬੈਂਕ ਦੇ ਮਨੁੱਖਾ ਵਿਗਾਸ ਲਈ ਪ੍ਰਧਾਨ ਮਮਤਾ ਮੂਰਥੀ ਅਨੁਸਾਰ, "ਸਿੱਖਣ 'ਤੇ ਕੋਵਿਡ-੧੯ ਦੇ ਤਬਾਹਕੁਨ ਅਸਰਾਂ ਨੇ ਇੱਕ ਪੂਰੀ ਪੀੜ੍ਹੀ ਨੂੰ ਜੋਖਮ ਵਿੱਚ ਪਾਇਆ ਹੋਇਆ ਏ। ਮਹਾਂਮਾਰੀ ਤੋਂ ਪਹਿਲਾਂ ਵੀ, ਬੜੇ ਸਿੱਖਿਆ ਪ੍ਰਬੰਧ ਬਾਲਾਂ ਨੂੰ ਪੜ੍ਹਨ ਲਈ ਅਜਿਹੀ ਭਾਖਾ ਵਿੱਚ ਪਾ ਕੇ ਜਿਹੜੀ ਉਹ ਚੰਗੀ ਤਰ੍ਹਾਂ ਨਹੀਂ ਜਾਣਦੇ ਉਹਨਾਂ ਨੂੰ ਘਾਟੇ ਵਿੱਚ ਰੱਖਦੇ ਪਏ ਨੇ। ਸਿੱਖਣਾ ਹਾਸਲ ਕਰਨ ਅਤੇ ਇਸ ਦੀ ਗਤੀ ਵਧਾਉਣ ਲਈ, ਮਨੁੱਖਾ ਪੂੰਜੀ ਦੇ ਸਿੱਟਿਆਂ ਦੇ ਸੁਧਾਰ ਲਈ, ਤੇ ਵਧੇਰੇ ਅਸਰਦਾਰ ਤੇ ਇਕ-ਸਮਾਨ ਸਿੱਖਿਆ ਪ੍ਰਬੰਧ ਉਸਾਰਣ ਲਈ ਜਰੂਰੀ ਏ ਪਈ ਬਾਲਾਂ ਨੂੰ ਉਸ ਭਾਖਾ ਵਿੱਚ ਪੜ੍ਹਾਇਆ ਜਾਵੇ ਜਿਹੜੀ ਉਹਨਾਂ ਨੂੰ ਆਉਂਦੀ ਏ।

ਸਿੱਖਿਆ ਦੇ ਮਾਧਿਅਮ ਦੀ ਭਾਖਾ ਬਾਰੇ ਨਵੀਂ ਪੜਤਾਲ-ਲਿਖਤ ਇਹ ਦਰਜ ਕਰਦੀ ਏ ਪਈ ਜਦੋਂ ਬਾਲਾਂ ਨੂੰ ਅਰੰਭ ਵਿੱਚ ਉਸ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ ਜਿਹੜੀ ਉਹ ਬੋਲਦੇ ਤੇ ਸਮਝਦੇ ਨੇ ਤਾਂ ਉਹ ਵਧੇਰੇ ਸਿੱਖਦੇ ਨੇ, ਹੋਰ ਭਾਖਾਵਾਂ ਸਿੱਖਣ ਲਈ ਬਿਹਤਰ ਤਿਆਰ ਹੁੰਦੇ ਨੇ, ਗਣਿਤ ਤੇ ਵਿਗਿਆਨ ਵਰਗੇ ਹੋਰ ਵਿਸ਼ੇ ਸਿੱਖ ਸੱਕਦੇ ਨੇ, ਪਾਠਸਾਲ ਵਿੱਚ ਵਧੇਰੇ ਟਿਕੇ ਰਹਿੰਦੇ ਨੇ, ਤੇ ਆਪਣੀ ਰਹਿਤਲ ਤੇ ਥਾਂਵੀਂ ਵਾਤਾਵਰਣ ਨਾਲ ਮੇਲਵੇਂ ਪਾਠਸਾਲ ਨੂੰ ਵਧੇਰੇ ਮਾਣਦੇ ਨੇ। ਇਸ ਤੋਂ ਵੀ ਵਧ ਕੇ, ਇਸ ਨਾਲ ਪਾਠਸਾਲ ਵਿਖੇ ਬਾਅਦ ਵਿੱਚ ਦੂਜੀ ਭਾਖਾ ਵਿੱਚ ਸਿੱਖਣ ਲਈ ਸਭ ਤੋਂ ਤਗੜੀ ਨੀਂਹ ਰੱਖੀ ਜਾਂਦੀ ਏ। ਕਿਉਂਕਿ ਸਿੱਖਿਆ ਦੇ ਮਾਧਿਅਮ ਦੀ ਭਾਖਾ ਦੀਆਂ ਅਸਰਦਾਰ ਨੀਤੀਆਂ ਨਾਲ ਸਿੱਖਣ ਵਿੱਚ ਅਤੇ ਪਾਠਸਾਲ ਵਿੱਚ ਅੱਗੇ ਵਧਣ ਵਿੱਚ ਸੁਧਾਰ ਹੁੰਦਾ ਏ, ਇਸ ਕਰਕੇ ਇਹਨਾਂ ਨਾਲ ਦੇਸ ਦਾ ਪ੍ਰਤੀ-ਵਿਦਿਆਰਥੀ ਖਰਚਾ ਘਟਦਾ ਏ ਤੇ, ਇਸ ਤਰ੍ਹਾਂ, ਸਾਰੇ ਬਾਲਾਂ ਲਈ ਸਿੱਖਿਆ ਦੀ ਵਧੇਰੇ ਪਹੁੰਚ ਤੇ ਗੁਣਤਾ ਵਿੱਚ ਵਾਧੇ ਲਈ ਜਨਤਵੀ ਰਕਮਾਂ ਦੀ ਬਿਹਤਰ ਵਰਤੋਂ ਹੁੰਦੀ ਏ।

ਵਿਸ਼ਵ ਬੈਂਕ ਦੇ ਪੱਛਮੀ ਅਤੇ ਕੇਂਦਰੀ ਅਫਰੀਕੀ ਖੇਤਰੀ ਮੀਤ-ਪ੍ਰਧਾਨ ਉਸਮਾਨੇ ਦਿਆਗਨਾ ਦਾ ਆਖਣਾ ਏਂ ਪਈ "ਸਬ-ਸਹਾਰੀ ਅਫਰੀਕਾ ਦੀ ਭਾਖਾਈ ਵੰਨ-ਸੁਵੰਨਤਾ ਇਸ ਦੀਆਂ ਪਹਿਲੀਆਂ ਵਿਸ਼ੇਸ਼ਤਾਈਆਂ 'ਚੋਂ ਏਂ - ਜਿੱਥੇ ਇਸ ਖੇਤਰ ਵਿੱਚ ੫ ਰਾਜ ਭਾਖਾਵਾਂ ਨੇ, ਓਥੇ ਪੱਛਮੀ ਤੇ ਕੇਂਦਰੀ ਅਫਰੀਕਾ ਵਿੱਚ ੯੪੦ ਤੇ ਸਬ-ਸਹਾਰੀ ਅਫਰੀਕਾ ਵਿੱਚ ੧,੫੦੦ ਘੱਟ-ਗਿਣਤੀ ਭਾਖਾਵਾਂ ਨੇ, ਜੋ ਕਿ ਸਿੱਖਿਆ ਦੀਆਂ ਚੁਣੌਤੀਆਂ ਨੂੰ ਹੋਰ ਵੀ ਵੱਡਿਆਂ ਕਰਦਾ ਏ।…ਸਿੱਖਿਆ ਦੇ ਮਾਧਿਅਮ ਦੀ ਭਾਖਾ ਦੀਆਂ ਬਿਹਤਰ ਨੀਤੀਆਂ ਅਪਣਾ ਕੇ ਦੇਸ ਬਾਲਾਂ ਨੂੰ ਪਾਠਸਾਲ ਵਿੱਚ ਕਿਧਰੇ ਬਿਹਤਰ ਅਰੰਭ ਦੇ ਯੋਗ ਬਨਾਉਣਗੇ ਅਤੇ ਆਪਣੇ ਅਰਥਚਾਰਿਆਂ ਦੀ ਲੰਮ-ਚਿਰੀ ਪੈਦਾਵਾਰ ਅਤੇ ਵਿਗਾਸ ਦੀ ਲਗਾਤਾਰੀ ਲਈ ਲੋੜੀਂਦੀ ਮਨੁੱਖਾ ਪੂੰਜੀ ਦੀ ਰਚਨਾ ਲਈ ਸਹੀ ਰਾਹ ਤੇ ਪੈਰ ਰੱਖਣਗੇ।

ਪੜਤਾਲ-ਲਿਖਤ ਦੱਸਦੀ ਏ ਪਈ ਭਾਵੇਂ ਕਿ ਕੋਵਿਡ-੧੯ ਤੋਂ ਪਹਿਲਾਂ ਬਾਲਾਂ ਨੂੰ ਪਾਠਸਾਲ ਘੱਲਣ ਵਿੱਚ ਦੁਨੀਆਂ ਨੇ ਵੱਡੀ ਤਰੱਕੀ ਕੀਤੀ ਸੀ, ਪਰ ਮੁੱਢਲੀ ਪੜ੍ਹਾਈ ਵਿੱਚ ਲਗਭਗ-ਸਰਬਵਿਆਪੀ ਦਾਖਲੇ ਦਾ ਸਿੱਟਾ ਲਗਭਗ-ਸਰਬਵਿਆਪੀ ਸਿੱਖਿਆ ਵਿੱਚ ਨਹੀਂ ਨਿਕਲਿਆ। ਅਸਲ ਵਿੱਚ, ਮਹਾਂਮਾਰੀ ਦੇ ਆਉਣ ਤੋਂ ਪਹਿਲਾਂ, ਨੀਵੀਂ ਤੇ ਮੱਧਲੀ ਆਮਦਨੀ ਵਾਲੇ ਦੇਸਾਂ ਦੇ ੫੩ ਫੀਸਦੀ ਬਾਲ ਸਿੱਖਣ ਦੀ ਮੰਦਹਾਲੀ ਦੀ ਅਵਸਥਾ ਵਿੱਚ ਸਨ, ਭਾਵ, ੧੦ ਸਾਲ ਦੀ ਉਮਰ ਵਿੱਚ ਇਸ ਉਮਰ ਲਈ ਬਣਦਾ ਪਾਠ ਪੜ੍ਹਨ ਤੇ ਸਮਝਣ ਦੇ ਯੋਗ ਨਹੀਂ ਸਨ। ਅੱਜ, ਮਹਾਂਮਾਰੀ ਕਾਲ ਨਾਲ ਜੁੜੇ ਲੰਮੇ ਪਾਠਸਾਲ ਬੰਦਾਂ ਤੇ ਡੂੰਘੇ ਅਰਥਵੀ ਮੰਦਵਾੜੇ ਦੀਆਂ ਦੂਹਰੀਆਂ ਮਾਰਾਂ ਸੰਕਟ ਨੂੰ ਹੋਰ ਵੀ ਡਰਾਉਣਾ ਬਣਾਉਣ ਦਾ ਡਰਾਵਾ ਦੇਂਦੀਆਂ ਪਈਆਂ ਨੇ, ਅਰੰਭਲੇ ਅੰਦਾਜੇ ਦੱਸਦੇ ਨੇ ਪਈ ਸਿੱਖਣ ਦੀ ਮੰਦਹਾਲੀ ਇੱਕ ਨਵੇਂ ਅੰਕੜੇ ੬੩ ਫੀਸਦੀ ਤੱਕ ਜਾ ਸੱਕਦੀ ਏ। ਬਹੁਤ ਸਾਰੇ ਮਾਮਲਿਆਂ ਵਿੱਚ ਇਹ ਨੀਵੇਂ ਸਿੱਖਣ ਸਿੱਟੇ ਸਿੱਖਿਆ ਦੀ ਭਾਖਾ ਦੀਆਂ ਅਧੂਰੀਆਂ ਨੀਤੀਆਂ ਦਾ ਝਲਕਾਰਾ ਨੇ।

ਸੰਸਾਰ ਬੈਂਕ ਦੇ ਭੂਮੰਡਲੀ ਨਿਦੇਸ਼ਕ ਜੇਮ ਸਾਵੇਦਰਾ ਦਾ ਬਲ ਦੇ ਕੇ ਆਖਣਾ ਏਂ ਪਈ "ਸੁਨੇਹਾ ਉੱਚਾ ਤੇ ਸਾਫ ਏ। ਜਦੋਂ ਬਾਲਾਂ ਨੂੰ ਉਸ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ ਜਿਹੜੀ ਉਹ ਸਮਝਦੇ ਨੇ ਤਾਂ ਉਦੋਂ ਈ ਸਭ ਤੋਂ ਵਧੀਆ ਸਿੱਖਦੇ ਨੇ। ਡੂੰਘੇ ਤੇ ਅਨਿਆਂ ਭਰੇ ਸਿੱਖਣ ਸੰਕਟ ਲਈ ਕੁਝ ਕਰਨ ਦੀ ਲੋੜ ਏ। ਜੇ ਵਿਦਿਆਰਥੀਆਂ ਨੂੰ ਜਿਸ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ ਉਹ ਸਮਝ ਨਹੀਂ ਆਉਂਦੀ ਤਾਂ ਸਿੱਖਿਆ ਪ੍ਰਣਾਲੀ ਵਿੱਚ ਪੈਸਾ ਲਾਉਣ ਨਾਲ ਗਿਣਨ ਜੋਗੇ ਸਿੱਖਣ ਸੁਧਾਰ ਹਾਸਲ ਨਹੀਂ ਹੋਣ ਵਾਲੇ। ਬਾਲਾਂ ਨੂੰ ਉਹਨਾਂ ਦੇ ਘਰ ਦੀ ਭਾਖਾ ਵਿੱਚ ਪੜ੍ਹਾਅ ਕੇ ਸਿੱਖਣ ਦੀ ਮੰਦਹਾਲੀ ਵਿੱਚ ਵੱਡੇ ਸੁਧਾਰ ਹੋ ਸੱਕਦੇ ਨੇ।

ਸਿੱਖਿਆ ਦੀ ਭਾਖਾ 'ਤੇ ਸੰਸਾਰ ਬੈਂਕ ਦੀ ਨਵੀਂ ਨੀਤੀ ਦੀ ਸਮਝ ਪੰਜ ਅਸੂਲਾਂ 'ਤੇ ਟਿਕੀ ਏ:

1. ਪਹਿਲੀ ਬਾਲ ਪੜਾਅ ਦੀ ਪੜ੍ਹਾਈ ਤੇ ਵੇਖ-ਭਾਲ ਸੇਵਾਵਾਂ ਤੋਂ ਅਰੰਭ ਕਰ ਕੇ ਮੁੱਢਲੀ ਪੜ੍ਹਾਈ ਦੇ ਘੱਟੋ-ਘੱਟ ਛੇ ਸਾਲਾਂ ਤੱਕ ਬਾਲਾਂ ਨੂੰ ਉਸ ਭਾਖਾ ਚ ਪੜ੍ਹਾਓ ਜਿਹੜੀ ਉਹ ਸਮਝਦੇ ਨੇ।
2. ਸਾਖਰਤਾ ਤੇ ਲਿਖਣ-ਕਲਾ ਤੋਂ ਅਗਲੇਰੇ ਅਕਾਦਮੀ ਵਿਸ਼ਿਆਂ ਦੀ ਪੜ੍ਹਾਈ ਲਈ ਉਸ ਭਾਖਾ ਦੀ ਵਰਤੋਂ ਕਰੋ ਜਿਹੜੀ ਬਾਲ ਸਮਝਦੇ ਨੇ।
3. ਜੇ ਵਿਦਿਆਰਥੀਆਂ ਨੇ ਮੁੱਢਲੀ ਪਾਠਸਾਲ ਵਿੱਚ ਇੱਕ ਹੋਰ ਭਾਖਾ ਸਿੱਖਣੀ ਏਂ ਤਾਂ ਇਸ ਨੂੰ ਪਰਦੇਸੀ ਭਾਖਾ ਵੱਜੋਂ ਅਰੰਭ ਕਰੋ ਤੇ ਬੋਲਣ ਦੇ ਭਾਖਾਈ ਹੁਨਰਾਂ ‘ਤੇ ਬਲ ਦਿੱਤਾ ਜਾਵੇ।
4. ਪਰਦੇਸੀ ਭਾਖਾ ਦੇ ਸਿੱਖਿਆ ਦੇ ਮਾਧਿਅਮ ਦੀ ਮੁੱਖ ਭਾਖਾ ਬਣ ਜਾਣ ਤੋਂ ਪਿੱਛੋਂ ਵੀ ਪੜ੍ਹਾਈ ਲਈ ਉਸ ਭਾਖਾ ਦੀ ਵਰਤੋਂ ਕਰਦੇ ਰਵ੍ਹੋ ਜਿਹੜੀ ਬਾਲ ਸਮਝਦੇ ਨੇ।
5. ਦੇਸ ਤੇ ਸਿੱਖਿਆ ਟੀਚਿਆਂ ਦੇ ਪ੍ਰਸੰਗ ਮੁਤਾਬਕ, ਸਿੱਖਿਆ ਦੀ ਭਾਖਾ ਬਾਰੇ ਨੀਤੀਆਂ ਨੂੰ ਲਾਗੂ ਕਰਨ ਵਿੱਚ ਲਗਾਤਾਰ ਵਿਓਂਤਬੰਦੀ, ਵਿਗਾਸ, ਅਨੁਕੂਲ ਬਣਾਉਣਾ, ਤੇ ਸੁਧਾਰ ਕਰਦੇ ਰਵ੍ਹੋ।

ਸਹੀ ਏ ਪਈ ਰਾਜਸੀ ਵਚਨਬੱਧੀ ਤੇ ਪ੍ਰਣਾਲੀ ਦੀ ਪੜ੍ਹਾਈ ਇਕਸਾਰਤਾ ਨਾਲ ਤਾਲਮੇਲ ਬਹਾਉਣ ਲਈ ਇਹਨਾਂ ਸਿੱਖਿਆ ਦੀ ਭਾਖਾ ਦੀਆਂ ਨੀਤੀਆਂ ਨੂੰ ਨੀਤੀਆਂ ਦੀ ਵਡੇਰੀ ਬੁਚਕੀ ਦਾ ਚੰਗੀ ਤਰ੍ਹਾਂ ਹਿੱਸਾ ਬਣਾਉਣ ਦੀ ਲੋੜ ਏ।

ਆਪਣੇ ਸਾਰੇ ਵਿਦਿਆਰਥੀਆਂ ਨੂੰ ਉੱਚ-ਗੁਣੀ ਅਰੰਭਲੀ ਬਾਲ ਤੇ ਮੁੱਢਲੀ ਸਿੱਖਿਆ ਹਾਸਲ ਕਰਾਉਣ ਲਈ ਵਿਸ਼ਵ ਬੈਂਕ ਵੱਲੋਂ ਦੇਸਾਂ ਨੂੰ ਦਿੱਤੇ ਜਾਣ ਵਾਲੇ ਵਿੱਤੀ ਤੇ ਸਲਾਹਕਾਰੀ ਸਹਾਰੇ ਦਾ ਇਹ ਸੋਚ ਅਧਾਰ ਬਣੇਗੀ। ਵਿਗਾਸਸ਼ੀਲ ਦੇਸਾਂ ਵਿੱਚ ਸਿੱਖਿਆ ਲਈ ਬਾਹਰੀ ਵਿੱਤੀ ਸਹਾਰੇ ਦਾ ਸੰਸਾਰ ਬੈਂਕ ਸਭ ਤੋਂ ਵੱਡਾ ਸਰੋਤ ਏ - ਇਸ ਨੇ ੨੦੨੧ ਵਿੱਤੀ ਵਰ੍ਹੇ ਨਵਾਂ ਕੀਰਤੀਮਾਨ ਥਾਪਿਆ ਅਤੇ ਮੁੜ-ਉਸਾਰੀ ਅਤੇ ਵਿਗਾਸ ਲਈ ਕੌਮਾਂਤਰੀ ਬੈਂਕ (ਆਈ ਬੀ ਆਰ ਡੀ) ਅਤੇ ਕੌਮਾਂਤਰੀ ਵਿਗਾਸ ਸਭਾ (ਆਈ ਡੀ ਏ) ਦੇ ਸਰੋਤਾਂ ਦੇ ਕੋਈ ੪੧,੨੫੦ ਕਰੋੜ ਰੁਪਈਏ ਨਵੀਆਂ ਸਰਗਰਮੀਆਂ ਲਈ ਥਾਪੇ ਤੇ, ਇਸ ਦੇ ਨਾਲ-ਨਾਲ, ੪੫ ਦੇਸਾਂ ਦੇ ੬੦ ਨਵੇਂ ਸਿੱਖਿਆ ਕੰਮ-ਕਾਜਾਂ ਲਈ ਸਿੱਖਿਆ ਲਈ ਭੂਮੰਡਲੀ ਭਾਗੀਦਾਰੀ (ਜੀ ਪੀ ਈ) ਰਾਹੀਂ ਕੋਈ ੬,੦੦੦ ਕਰੋੜ ਰੁਪਈਏ ਨਵੀਂ ਸਹਾਇਤਾ ਥਾਪੀ।"

ਸੰਸਾਰ ਬੈਂਕ ਦੀ ਪੂਰੀ ਪੜਤਾਲ-ਲਿਖਤ ਇਸ ਪਤੇ ਤੋਂ ਵੇਖੀ ਜਾ ਸੱਕਦੀ ਏ:
https://www.worldbank.org/en/topic/education/publication/loud-and-clear-effective-language-of-instruction-policies-for-learning.

ਉੱਤੇ ਅਸੀਂ ਵੇਖਿਆ ਏ ਪਈ ਦੁਨੀਆਂ ਭਰ ਦੀ ਖੋਜ ਤੇ ਮਾਹਰ ਇਸ ਗੱਲ ਦਾ ਪੱਕਾ ਸਬੂਤ ਪੇਸ਼ ਕਰਦੇ ਨੇ ਪਈ ਸਿੱਖਿਆ ਦੀ ਕਾਮਯਾਬੀ ਬੱਸ ਮਾਤ ਭਾਖਾ ਰਾਹੀਂ ਹੀ ਹੋ ਸੱਕਦੀ ਏ। ਪਰ ਸਾਡੇ ਭਾਰਤ ਵਿੱਚ ਭਾਖਾ ਤੇ ਸਿੱਖਿਆ ਨੀਤੀਆਂ ਨੂੰ ਚਲਾਉਣ ਵਾਲੇ ਅੱਖਾਂ ਤੇ ਅਗਿਆਨ ਦੀਆਂ ਪੱਟੀਆਂ ਬੰਨ੍ਹੀ ਤੇ ਕੰਨਾਂ ਵਿੱਚ ਅੰਗਰੇਜੀ ਰੂੰ ਦੇ ਵੱਡੇ-ਵੱਡੇ ਗੋਲੇ ਫਸਾਈ ਅੰਗਰੇਜੀ-ਅੰਗਰੇਜੀ ਚੀਕੀ ਜਾਂਦੇ ਨੇ ਤੇ ਦੇਸ ਦੀ ਸਿੱਖਿਆ, ਭਾਖਾਵਾਂ ਤੇ ਸਭਿਆਚਾਰ ਨੂੰ ਬਰਬਾਦੀ ਦੀ ਪਟੜੀ 'ਤੇ ਤੇਜ ਭਜਾਈ ਜਾਂਦੇ ਨੇ। ਇਸ ਲਿਖਤ ਦਾ ਮਕਸਦ ਇਸ ਅਗਿਆਨ ਨੂੰ ਚੀਰਨਾ ਤੇ ਇਹਨਾਂ ਰੂੰ ਦਿਆਂ ਗੋਲਿਆਂ ਨੂੰ ਕੱਢਣਾ ਈ ਏਂ।

ਕੌਮਾਂਤਰੀ ਖੋਜ ਤੇ ਮਾਹਿਰਾਂ ਦੇ ਜਿਹੜੇ ਸਿੱਟੇ ਅੱਗੇ ਦਿੱਤੇ ਨੇ ਉਹ ਇਸ ਅਗਿਆਨ ਨੂੰ ਦੂਰ ਕਰਨ ਵਿੱਚ ਹੋਰ ਵੀ ਸਹਾਈ ਹੋਣਗੇ; ਇਹ ਮੈਨੂੰ ਆਸ ਏ। ਇਹ ਸਿੱਟੇ ਦਰਸਾਉਂਦੇ ਨੇ ਪਈ ਮਾਤ ਭਾਖਾ ਮਾਧਿਅਮ ਕੇਵਲ ਸਿੱਖਿਆ ਵਿੱਚ ਸਫਲਤਾ ਲਈਓ ਈ ਜਰੂਰੀ ਨਹੀਂ, ਬਲਕਿ ਪਰਦੇਸੀ ਭਾਖਾ ਸਿੱਖਣ ਲਈ ਵੀ ਪਰਦੇਸੀ ਭਾਖਾ ਮਾਧਿਅਮ ਰਾਹੀਂ ਸਿੱਖਿਆ ਨਾਲੋਂ ਮਾਤ ਭਾਖਾ ਮਾਧਿਅਮ ਰਾਹੀਂ ਸਿੱਖਿਆ ਵਧੇਰੇ ਸਹਾਈ ਹੁੰਦੀ ਏ।

## ੧.੩. ਪਰਦੇਸੀ ਭਾਖਾ ਸਿੱਖਣ ਬਾਰੇ ਭਰਮ

### ੧.੩.੦. ਸਿੱਖਿਆ ਦਾ ਮਾਧਿਅਮ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ

ਆਈਲਟਸ ਦੇ ਬੈਂਡ ਦੇਣ ਵਾਲੀ ਤੇ ਦੁਨੀਆਂ ਭਰ ਵਿੱਚ ਅੰਗਰੇਜੀ ਪੜ੍ਹਾਉਣ ਵਾਲੀ ਇੰਗਲੈਂਡ ਦੀ ਸਰਕਾਰੀ ਸੰਸਥਾ ਬਰਿਟਿਸ਼ ਕੌਂਸਲ ਦੀ ਹਿਦਾਇਤ ਨਾਲ ਸ਼ੁਰੂ ਕਰਨਾ ਠੀਕ ਹੋਵੇਗਾ।

ਬਰਿਟਿਸ਼ ਕੌਂਸਲ ਦੀ ਪਿੱਛੇ ਦੱਸੀ ਕਿਤਾਬ ਵਿੱਚ ਇਹ ਵੀ ਦਰਜ ਏ (ਪੰਨਾਂ ੩): ‘ਚਾਰੇ ਪਾਸੇ ਇਹ ਸੋਚ ਪਸਰੀ ਹੋਈ ਏ ਪਈ ਅੰਗਰੇਜੀ ਭਾਖਾ ‘ਤੇ ਮੁਹਾਰਤ ਲਈ ਅੰਗਰੇਜੀ ਇੱਕ ਵਿਸ਼ੇ ਵੱਜੋਂ ਪੜ੍ਹਨ ਨਾਲੋਂ ਅੰਗਰੇਜੀ ਮਾਧਿਅਮ ਵਿੱਚ ਪੜ੍ਹਨਾ ਬਿਹਤਰ ਤੇ ਪੱਕਾ ਤਰੀਕਾ ਏ। ਪਰ ਇਸ ਸੋਚ ਲਈ ਕੋਈ ਸਬੂਤ ਹਾਸਲ ਨਹੀਂ’। ਬਰਿਟਿਸ਼ ਕੌਂਸਲ ਦਾ ਦਫਤਰ ਦੇਸੀ-ਅੰਗਰੇਜੀ ਰਾਜਧਾਨੀ ਚੰਡੀਗੜ੍ਹ ਵਿੱਚ ਵੀ ਹੈ ਵੇ ਤੇ ਮਾਣਯੋਗ ਪੰਜਾਬੀ ਬੜੇ ਸੌਖੇ ਇਸ ਬਾਰੇ ਜਾਣਕਾਰੀ ਲੈ ਸੱਕਦੇ ਨੇ।

ਸਾਰੀ ਦੁਨੀਆਂ ਵਿੱਚ ਖੋਜ ਕਰਕੇ ਲਿਖੀ ਗਈ ਯੂਨੈਸਕੋ ਦੀ ਕਿਤਾਬ ਵਿੱਚ ਇਹ ਦਰਜ ਏ: ''ਸਾਡੇ ਰਾਹ ਵਿੱਚ ਵੱਡੀ ਅੜਚਨ ਭਾਖਾ ਤੇ ਸਿੱਖਿਆ ਬਾਰੇ ਕੁਝ ਭਰਮ ਨੇ ਤੇ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਇਹਨਾਂ ਭਰਮਾਂ ਦਾ ਭਾਂਡਾ ਭੰਨਣਾ ਚਾਹੀਦਾ ਏ। ਅਜਿਹਾ ਹੀ ਇੱਕ ਭਰਮ ਇਹ ਵੇ ਪਈ ਦੂਜੀ (ਪਰਦੇਸੀ) ਭਾਖਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵੱਜੋਂ ਵਰਤੋਂ ਏ। (ਅਸਲ ਵਿੱਚ, ਹੋਰ ਭਾਖਾ ਨੂੰ ਇੱਕ ਵਿਸ਼ੇ ਵੱਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਏ)। ਦੂਜਾ ਭਰਮ ਇਹ ਵੇ ਪਈ ਦੂਜੀ ਭਾਖਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਏ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸੱਕਦਾ ਏ ਪਰ ਲਾਭ ਦੀ ਸਥਿਤੀ ਵਿੱਚ ਉਹ ਸਿੱਖਣ ਵਾਲਾ ਹੁੰਦਾ ਏ ਜਿਨ੍ਹੇਂ ਪਹਿਲੀ ਭਾਖਾ 'ਤੇ ਚੰਗੀ ਪਕੜ ਬਣਾ ਲਈ ਹੋਵੇ)। ਤੀਜਾ ਭਰਮ ਇਹ ਵੇ ਪਈ ਮਾਤ ਭਾਸ਼ਾ ਪਰਦੇਸੀ ਭਾਖਾ ਸਿੱਖਣ ਦੇ ਰਾਹ ਵਿੱਚ ਅੜਚਨ ਏਂ। (ਮਾਤ ਭਾਖਾ ਵਿੱਚ ਤਗੜੀ ਨੀਂਹ ਨਾਲ ਪਰਦੇਸੀ ਭਾਖਾ ਬਿਹਤਰ ਸਿੱਖੀ ਜਾਂਦੀ ਏ)। ਸਾਫ ਏ ਪਈ ਇਹ ਭਰਮ ਨੇ ਸੱਚ ਨਹੀਂ ਪਰ ਮੁੜ ਵੀ ਇਹ ਨੀਤੀਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਨੇ ਪਈ ਭਾਰੂ ਭਾਖਾ ਕਿਵੇਂ ਸਿੱਖੀ ਜਾਵੇ।'' @(UNESCO, ੨੦੦੮:੧੨)। ਸਾਡੇ ਪ੍ਰਸੰਗ ਵਿੱਚ ਭਾਰੂ ਭਾਖਾ ਅੰਗਰੇਜੀ ਤੇ ਕਿਸੇ ਹੱਦ ਤੱਕ ਹਿੰਦੀ ਏ।

ਜਿਸ ਖੋਜ ਵਿਚੋਂ ਉਤਲੀ ਟੂਕ ਲਈ ਗਈ ਏ ਉਹ ਸਾਰੇ ਮਹਾਂਦੀਪਾਂ 'ਚੋਂ ਲਏ ਗਏ ਬਾਰਾਂ ਦੇਸਾਂ ਵਿੱਚ ਕੀਤੀ ਗਈ ਸੀ। ਇਹਨਾਂ ਦੇਸਾਂ ਵਿੱਚ ਭਾਰਤ ਵੀ ਏ। ਇਸ ਪੜਤਾਲ ਲਈ ਪੈਸਾ ਸੰਸਾਰ ਬੈਂਕ ਵੱਲੋਂ ਦਿੱਤਾ ਗਿਆ ਸੀ।

ਇਹੋ ਜਿਹੀ ਹੀ ਇੱਕ ਪੜਤਾਲ ਫਿਨਲੈਂਡ ਤੋਂ ਸਵੀਡਨ ਵਿੱਚ ਪਰਵਾਸ ਕਰਨ ਵਾਲੇ ਬੱਚਿਆਂ ਬਾਰੇ ਵੇ। ਇਸ ਪੜਤਾਲ ਤੋਂ ਪਤਾ ਲੱਗਾ ਪਈ, ''ਕਈ ਸਾਲ ਫਿਨਲੈਂਡ ਵਿੱਚ ਪਾਠਸਾਲ ਜਾਣ ਕਰਕੇ ਲਗਭਗ ਸਮੁੱਚੇ ਰੂਪ ਵਿੱਚ ਜਿੰਨੀ ਕਿਸੇ ਵਿਦਿਆਰਥੀ ਨੂੰ ਵੱਧ ਫਿਨੀਸ਼ੀ ਆਉਂਦੀ ਸੀ ਓਨੀ ਹੀ ਉਹ ਸਵੀਡੀ ਬਿਹਤਰ ਸਿੱਖਦਾ ਸੀ। ਇੱਕੋ ਮਾਪਿਆਂ ਦੇ ਬੱਚਿਆਂ ਦੀ ਭਾਖਾਈ ਮੁਹਾਰਤ ਦੇ ਨਿਰੀਖਣ ਤੋਂ ਪਤਾ ਲੱਗਾ ਪਈ ਜਿਹੜੇ ਬੱਚੇ ੧੦ ਸਾਲ ਦੀ ਔਸਤ ਉਮਰ 'ਤੇ ਫਿਨਲੈਂਡ ਵਿੱਚੋਂ ਆਏ, ਉਹਨਾਂ ਨੇ ਫਿਨੀਸ਼ੀ ਦਾ ਆਮ ਪੱਧਰ ਵੀ ਨਹੀਂ ਗੁਆਇਆ ਤੇ ਉਹਨਾਂ ਸਵੀਡੀ ਵਿੱਚ ਵੀ ਸਵੀਡੀ ਬੱਚਿਆਂ ਦੇ ਬਰਾਬਰ ਦਾ ਭਾਖਾਈ ਪੱਧਰ ਹਾਸਲ ਕੀਤਾ। ਜਿਹੜੇ ਬੱਚੇ ੬ ਸਾਲ ਤੋਂ ਘੱਟ ਉਮਰ ਵਿੱਚ ਆਏ ਜਾਂ ਜਿਹੜੇ ਸਵੀਡਨ ਵਿੱਚ ਹੀ ਜੰਮੇ ਸਨ, ਉਹਨਾਂ ਦੇ ਨਤੀਜੇ ਚੰਗੇ ਨਹੀਂ ਸਨ। ਉਹਨਾਂ ਦਾ ਸਵੀਡੀ ਭਾਖਾ ਵਿੱਚ ਵਿਗਾਸ ਲਗਭਗ ੧੨ ਸਾਲ ਦੀ ਉਮਰ 'ਤੇ ਅਟਕ ਜਾਂਦਾ ਏ, ਕਿਉਂਕਿ ਸਾਫ ਏ ਪਈ ਉਹਨਾਂ ਦੀ ਮਾਤ ਭਾਖਾ ਵਿੱਚ ਨੀਂਹ ਪੱਕੀ ਨਹੀਂ ਹੁੰਦੀ।" @(Paulston, ੧੯੭੭:੯੨-੩)

ਪਿੱਛੇ ਜਿਹੇ ਆਈਆਈਟੀ ਕਾਨਪੁਰ ਨੇ ਇੱਕ ਪੜਤਾਲ ਛਾਪੀ ਏ ਪਈ ਭਾਰਤ ਵਿੱਚ ਇੰਜੀਨੀਅਰੀ ਦੇ ੯੭% (ਸਤਾਨਵੇਂ ਫੀਸਦੀ) ਵਿਦਿਆਰਥੀ ਅੰਗਰੇਜੀ ਵਿੱਚ ਆਪਣੀ ਗੱਲ ਕਾਮਯਾਬੀ ਨਾਲ ਨਹੀਂ ਕਰ ਸੱਕਦੇ। ਯਾਦ ਰਵ੍ਹੇ ਪਈ ਭਾਰਤ ਵਿੱਚ ਇੰਜੀਨੀਅਰੀ ਦੀ ਪੜ੍ਹਾਈ ਪਿਛਲੇ ਸੌ ਸਾਲ ਤੋਂ ਵੀ ਵੱਧ ਤੋਂ ਅੰਗਰੇਜੀ ਮਾਧਿਅਮ ਵਿੱਚ ਹੁੰਦੀ ਪਈ ਏ।

ਸੋ, ਸਾਫ ਏ ਪਈ ਪਰਦੇਸੀ ਭਾਖਾ ਵੀ ਪਰਦੇਸੀ ਭਾਖਾ ਰਾਹੀਂ ਪੜ੍ਹਾਈ ਕਰਨ ਨਾਲੋਂ ਮਾਤ ਭਾਖਾ ਮਾਧਿਅਮ ਰਾਹੀਂ ਪੜ੍ਹਾਈ ਕਰਨ ਨਾਲ ਬਿਹਤਰ ਆਉਂਦੀ ਏ। ਇੰਞ ਕਿਉਂ ਹੁੰਦਾ ਏ, ਇਹ ਹੇਠਲੀ ਟੂਕ ਤੋਂ ਸਾਫ ਹੋ ਜਾਵੇਗਾ:

''ਬੁਜਕਮ (Butzkamm) ਇਸ ਗੱਲ ਤੇ ਜੋਰ ਦੇਂਦਾ ਏ ਪਈ ਪਰਦੇਸੀ ਭਾਖਾ ਸਿੱਖਣ ਤੇ ਸਿਖਾਉਣ ਵਿੱਚ ਮਾਤ ਭਾਖਾ ਦੇ ਸਰੋਤ ਦੇ ਰੂਪ ਵਿੱਚ ਪਾਏ ਜਾਣ ਵਾਲੇ ਯੋਗਦਾਨ ਨੂੰ ਮੁੜ ਪਰਭਾਸ਼ੇ ਜਾਣ ਦੀ ਲੋੜ ਏ। ਬੱਚੇ ਜਿਵੇਂ-ਜਿਵੇਂ ਵੱਡੇ ਹੁੰਦੇ ਨੇ ੧) ਉਹ ਯਥਾਰਥ ਨੂੰ ਸੰਕਲਪਣਾ ਸਿੱਖ ਚੁੱਕੇ ਹੁੰਦੇ ਨੇ; ੨) ਉਹ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨਾ ਸਿੱਖ ਚੁੱਕੇ ਹੁੰਦੇ ਨੇ; ੩) ਉਹ ਆਪਣੀ ਮਾਤ ਭਾਖਾ ਵਿੱਚ ਬੋਲਣਾ ਤੇ ਉਹਦੀ ਵਰਤੋਂ ਕਰਨਾ ਸਿੱਖ ਚੁੱਕੇ ਹੁੰਦੇ ਨੇ; ੪) ਉਹ ਵਿਆਕਰਣ ਦੀ ਸਮਝ ਸਹਿਜ ਰੂਪ ਵਿੱਚ ਹਾਸਲ ਕਰ ਚੁੱਕੇ ਹੁੰਦੇ ਨੇ ਤੇ ਭਾਖਾ ਦੇ ਕਈ ਮਹੀਨ ਪੱਖਾਂ ਬਾਰੇ ਚੇਤੰਨ ਹੋ ਚੁੱਕੇ ਹੁੰਦੇ ਨੇ; ੫) ਉਹ ਪੜ੍ਹਨ ਅਤੇ ਲਿਖਣ ਦੇ ਹੁਨਰ ਪ੍ਰਾਪਤ ਕਰ ਚੁੱਕੇ ਹੁੰਦੇ ਨੇ; ਮਾਤ ਭਾਖਾ ਏਸੇ ਕਰਕੇ ਪਰਦੇਸੀ ਭਾਖਾ ਸਿੱਖਣ ਲਈ ਵੱਡੀ ਪੂੰਜੀ ਹੁੰਦੀ ਏ। ਇਸ ਨਾਲ ਭਾਖਾ ਗ੍ਰਹਿਣ ਕਰਨ ਦੀ ਸਹਾਈ ਪ੍ਰਣਾਲੀ ਹਾਸਲ ਹੁੰਦੀ ਏ ਤੇ ਸਭ ਤੋਂ ਵੱਡੀ ਗੱਲ ਪਈ ਇਸ ਨਾਲ ਪੜ੍ਹਾਈ ਸੰਭਵ ਹੁੰਦੀ ਏ।''

''ਸਫਲ ਸਿਖਿਆਰਥੀ ਮਾਤ ਭਾਖਾ ਦੇ ਰਾਹੀਂ ਹਾਸਲ ਭਾਖਾਈ ਹੁਨਰ ਤੇ ਯਥਾਰਥ ਗਿਆਨ ਦੇ ਵੱਡੇ ਭੰਡਾਰ ਨੂੰ ਨੀਂਹ ਬਣਾਉਂਦੇ ਨੇ। ਖਾਸ ਤੌਰ 'ਤੇ ਉਹਨਾਂ ਨੂੰ ਯਥਾਰਥ ਨੂੰ ਨਵੀਂ ਭਾਖਾ ਵਿੱਚ ਨਵੇਂ ਸਿਰਿਓਂ ਸੰਕਲਪਣ ਦੀ ਲੋੜ ਨਹੀਂ ਹੁੰਦੀ। ਉਹ ਪਹਿਲੀ ਭਾਖਾ ਗ੍ਰਹਿਣ ਕਰ ਚੁੱਕੇ ਹੁੰਦੇ ਨੇ ਤੇ ਇਹਦੇ ਨਾਲ ਈ ਗੱਲ-ਬਾਤ ਦੇ ਹੁਨਰ ਤੇ ਵਿਹਾਰੀ ਗਿਆਨ ਹਾਸਲ ਕਰ ਚੁੱਕੇ ਹੁੰਦੇ ਨੇ। ਮਿਸਾਲ ਲਈ, ਬੇਨਤੀ, ਇੱਛਾ ਜਾਂ ਚਿਤਾਉਣੀ ਦੇ ਭਾਵ ਆਮ ਤੌਰ 'ਤੇ ਸਧਾਰਣ ਕਿਸਮ ਦੇ ਵਾਕਾਂ ਰਾਹੀਂ ਪ੍ਰਗਟ ਨਹੀਂ ਕੀਤੇ ਜਾਂਦੇ ਪਰ ਮੁੜ ਵੀ ਇਹ ਭਾਵ ਕਿਸੇ ਸਧਾਰਣ ਵਾਕ ਵਿੱਚ ਵੀ ਲੁੱਕੇ ਹੋ ਸਕਦੇ ਨੇ; ਤੇ ਪਹਿਲੀ ਭਾਖਾ ਦੀ ਰਾਹ ਰੋਸ਼ਨ ਕਰਨ ਦੀ ਸ਼ਕਤੀ ਇਸ ਗੱਲ ਤੇ ਨਿਰਭਰ ਨਹੀਂ ਹੁੰਦੀ ਪਈ ਦੁਹਾਂ ਭਾਖਾਵਾਂ ਦੀਆਂ ਵਿਆਕਰਣਾਂ ਇਕੋ ਜਿਹੀਆਂ ਹੋਣ। ਇਹ ਇਸ ਕਰਕੇ ਵੇ ਪਈ ਸਾਰੀਆਂ ਭਾਖਾਵਾਂ ਅਧਿਕਾਰ, ਗਿਣਤੀ, ਕਰਤਾ, ਸਾਧਨ, ਨਿਖੇਧ, ਕਾਰਣ, ਸ਼ਰਤ, ਲੋੜ ਜਿਹੇ ਅਮੂਰਤ ਭਾਵਾਂ ਨੂੰ ਪ੍ਰਗਟ ਕਰਨ ਵਾਲੀਆਂ ਵਿਧੀਆਂ ਦਾ ਵਿਗਾਸ ਕਰ ਚੁੱਕੀਆਂ ਹੁੰਦੀਆਂ ਨੇ, ਉਹ ਭਾਵੇਂ ਇਸ ਨੂੰ ਕਿਵੇਂ ਵੀ ਪੂਰਾ ਕਰਦੀਆਂ ਹੋਣ। ਇੱਕ ਭਾਖਾ ਦੀ ਵਿਆਕਰਣ ਦੂਜੀ ਭਾਖਾ

ਦੇ ਬੂਹੇ ਖੋਲ੍ਹਣ ਲਈ ਇਸ ਲਈ ਕਾਫੀ ਹੁੰਦੀ ਏ ਕਿਉਂਕਿ ਸਾਰੀਆਂ ਭਾਖਾਵਾਂ ਦਾ ਸੰਕਲਪੀ ਅਧਾਰ ਇੱਕੋ ਜਿਹਾ ਏ। ਡੂੰਘੇ ਅਰਥਾਂ ਵਿੱਚ, ਅਸੀਂ ਭਾਖਾ ਇੱਕੋ ਵਾਰ ਹੀ ਸਿੱਖਦੇ ਆਂ।" (http://en.wikipedia.org/wiki/WolfgangButzkamm)

ਉੱਤੇ ਹੁਣ ਤੱਕ ਬਿਆਨ ਕੀਤੇ ਤੱਥ ਭਾਰਤੀ ਨੀਤੀਕਾਰਾਂ ਦੀਆਂ ਅੱਖਾਂ ਤੋਂ ਅੰਗਰੇਜੀ ਪੱਟੀਆਂ ਲਾਹੁਣ ਤੇ ਕੰਨਾਂ 'ਚੋਂ ਅੰਰਗੇਜੀ ਰੂੰ ਕੱਢਣ ਲਈ ਬਥੇਰੇ ਹੋਣੇ ਚਾਹੀਦੇ ਨੇ, ਪਰ ਮੁੜ ਵੀ ਇੱਕ ਝਾਤੀ ਇਸ 'ਤੇ ਵੀ ਮਾਰ ਲੈਣੀ ਚਾਹੀਦੀ ਏ ਪਈ ਬਾਕੀ ਦੁਨੀਆਂ ਦਾ ਭਾਖਾ ਬਾਰੇ ਕੀ ਕਰਦੀ ਪਈ ਏ।

ਸੱਚਾਈ ਇਹ ਵੇ ਪਈ ਜਿੱਥੇ ਕਿਤੇ ਵੀ ਅੰਗਰੇਜੀ ਪਰਦੇਸੀ ਭਾਖਾ ਏ ਤੇ ਇਸ ਦੀ ਵਰਤੋਂ ਸਿੱਖਿਆ ਦੇ ਮਾਧਿਅਮ ਵੱਜੋਂ ਹੁੰਦੀ ਆਈ ਏ, ਓਥੇ ਵੀ ਜਾਂ ਤਾਂ ਇਹ ਮੁੱਕ ਗਈ ਏ ਜਾਂ ਦਿਨੋ-ਦਿਨ ਘਟਦੀ ਪਈ ਏ। ਇਹਦੇ ਸਬੂਤ ਵੱਜੋਂ ਕੁਝ ਕੁ ਮਿਸਾਲਾਂ ਹੀ ਕਾਫੀ ਹੋਣੀਆਂ ਚਾਹੀਦੀਆਂ ਨੇ।

ਯੂਗਾਂਡਾ ਨੇ ੨੦੦੭ ਵਿੱਚ ਤੈਅ ਕੀਤਾ ਸੀ ਪਈ ਮੁੱਢਲੀ ਸਿੱਖਿਆ ਦੇ ਪਹਿਲੇ ਤਿੰਨ ਸਾਲ ਸਿੱਖਿਆ ਦਾ ਮਾਧਿਅਮ ਮਾਤ ਭਾਖਾ ਹੋਵੇ ਤੇ ਅੰਗਰੇਜੀ ਇੱਕ ਵਿਸ਼ੇ ਵੱਜੋਂ ਪੜ੍ਹਾਈ ਜਾਵੇ। ਇਸ ਨਾਲ ਉਹਨਾਂ ਨੂੰ ਕਾਮਯਾਬੀ ਵੀ ਹਾਸਲ ਹੋਈ। ੨੦੦੮ ਵਿੱਚ ਕੀਤੀ ਪੜਚੋਲ ਵਿੱਚ ਈ ਸਾਹਮਣੇ ਆ ਗਿਆ ਪਈ ਇਸ ਨਾਲ ਸਾਖਰੀ ਵਿੱਚ ਸੁਧਾਰ ਹੋਇਆ ਏ।

ਏਥੇ ਧਿਆਨ ਦੇਣ ਵਾਲੀ ਗੱਲ ਏ ਪਈ ਯੂਗਾਂਡਾ ਵਿੱਚ ੫੨ ਭਾਖਾ ਜੁੱਟ ਨੇ। ਯੂਗਾਂਡਾ ਵਿਚਲੀ ਤਬਦੀਲੀ ਇਸ ਵਿਚਾਰ 'ਤੇ ਟਿਕੀ ਸੀ ਪਈ ਜੇ ਵਿਦਿਆਰਥੀ ਦੀ ਮਾਤ ਭਾਖਾ ਵਿੱਚ ਨੀਂਹ ਰੱਖੀ ਜਾ ਚੁੱਕੀ ਹੋਵੇ ਤਾਂ ਉਹ ਪਰਦੇਸੀ ਭਾਖਾ ਅਸਾਨੀ ਨਾਲ ਸਿੱਖਦਾ ਏ। ਨਵੀਂ ਨੀਤੀ ਤੋਂ ਪਹਿਲਾਂ ਯੂਗਾਂਡਾ ਵਿੱਚ ਸਕੂਲੀ ਸਿੱਖਿਆ ਅਰੰਭ ਤੋਂ ਈ ਅੰਗਰੇਜੀ ਮਾਧਿਅਮ ਰਾਹੀਂ ਹੁੰਦੀ ਸੀ। (ਇਹਨਾਂ ਤੱਥਾਂ ਲਈ ਵੇਖੋ Kavuma, ੨੦੦੯)

ਮਲੇਸ਼ੀਆ ਨੇ ੨੦੦੯ ਵਿੱਚ ਤੈਅ ਕੀਤਾ ਪਈ ਗਣਿਤ ਤੇ ਵਿਗਿਆਨ ਕੌਮੀ ਸਕੂਲਾਂ ਵਿੱਚ ਭਾਖਾ ਮਲੇਸ਼ੀਆ ਵਿੱਚ ਅਤੇ ਥਾਂਵੀਂ ਸਕੂਲਾਂ ਵਿੱਚ ਚੀਨੀ ਤੇ ਤਾਮਿਲ ਵਿੱਚ ਪੜ੍ਹਾਏ ਜਾਣ।

ਭਾਰਤ ਦੇ ਨੀਤੀਕਾਰਾਂ ਦੇ ਅਗਿਆਨ 'ਤੇ ਇਸ ਤੋਂ ਵੱਡੀ ਕੀ ਟਿੱਪਣੀ ਹੋ ਸਕਦੀ ਏ ਪਈ ਮਲੇਸ਼ੀਆ ਤਾਂ ਤਾਮਿਲ ਭਾਖੀਆਂ ਨੂੰ ਵਿਗਿਆਨ ਤਾਮਿਲ ਵਿੱਚ ਪੜ੍ਹਾਉਣਾ ਠੀਕ ਸਮਝਦਾ ਏ ਪਰ ਭਾਰਤ ਵਿੱਚ ਇਹ ਅਪਰਾਧ ਵਰਗਾ ਏ। ਇੱਕ ਅਖਾਣ ਏਂ, 'ਅਕਲਾਂ ਬਾਝੋਂ ਖੂਹ ਖਾਲੀ'। ਖੂਹਾਂ ਦੀ ਗੱਲ ਤਾਂ ਇੱਕ ਪਾਸੇ, ਪਰ ਭਾਰਤੀ ਅੰਗਰੇਜੀ ਨਸ਼ੇੜੀਆਂ ਦੇ ਸਿਰ ਪੱਕੇ ਖਾਲੀ ਨੇ। ਖੈਰ, ਕੁਝ ਮਿਸਾਲਾਂ ਹੋਰ ਦੇਣੀਆਂ ਮਾੜੀ ਗੱਲ ਨਹੀਂ ਹੋਵੇਗੀ।

"ਪਿਛਲੇ ਕੁਝ ਸਾਲਾਂ ਤੋਂ ਇੰਗਲੈਂਡ ਤੇ ਨਿਊਜੀਲੈਂਡ ਆਪਣੀਆਂ ਮੂਲਵਾਸੀ ਘੱਟ ਗਿਣਤੀਆਂ ਦੀਆਂ ਭਾਖਾਵਾਂ ਵੱਲ ਹੋਰ ਵੀ ਵਧੇਰੇ ਧਿਆਨ ਦੇਂਦੇ ਪਏ ਨੇ। ....ਮਾਓਰੀ ਭਾਖਾ ਤੇ ਸਭਿਆਚਾਰ ਬਾਰੇ ਨਿਊਜੀਲੈਂਡ ਦੇ ਨੇੜਲੇ ਭਵਿੱਖ ਨੂੰ ਸ. ਮੇਅ ਨੇ ਆਸਵੰਦ ਨਜਰੀਏ ਨਾਲ ਪੇਸ਼ ਕੀਤਾ ਏ। ...ਨਵੇਂ ਮਾਓਰੀ ਮਾਧਿਅਮ ਸਕੂਲਾਂ ਦਾ ਮੁਲੰਕਣ ਦਰਸਾਉਂਦਾ ਏ ਪਈ ਇਹਨਾਂ ਬੱਚਿਆਂ ਦਾ ਸਿੱਖਿਆਵੀ ਵਿਗਾਸ ਮੁੱਖ ਧਾਰਾ ਵਾਲੇ ਬੱਚਿਆਂ ਦੇ ਬਰਾਬਰ ਏ, ਬਲਕਿ ਇਸ ਨਾਲ ਉਹਨਾਂ ਨੂੰ ਦੋ ਭਾਖੀ ਹੋਣ ਦਾ ਲਾਭ ਵੀ ਏ। ਹਾਂਗਕਾਂਗ ਵਿੱਚ ਪੁੰਤੋਂਘੁਆਂ ਭਾਖਾ ਦੀ ਵਰਤੋਂ ਦਿਨੋਂ-ਦਿਨ ਵਧਦੀ ਪਈ ਏ। ...ਮਲੇਸ਼ੀਆ ਨੇ ਵੀ ਭਾਖਾ ਮਲੇਸ਼ੀਆ ਨੂੰ ਰਾਜ ਭਾਖਾ ਪਾਠਸਾਲਾਂ ਤੇ ਵਿਸ਼ਵਵਿਦਿਆਲਿਆਂ ਵਿੱਚ ਸਿੱਖਿਆ ਦਾ ਮਾਧਿਅਮ ਬਣਾ ਦਿੱਤਾ ਏ (S.Kaur Gill, pp.੧੩੫-੧੫੨)" @(Ammon, ੨੦੦੯)

ਇੰਞ ਸਾਫ ਏ ਪਈ ਅੰਗਰੇਜੀ ਰੋਗ ਨਾਲ ਪਹਿਲੇ ਸਾਰੇ ਗ੍ਰਸੇ ਦੇਸ ਇਹਨੂੰ ਛੱਡੀ ਜਾਂਦੇ ਨੇ। ਵਜ੍ਹਾ ਇਹ ਲੱਗਦੀ ਏ ਪਈ ਕੋਈ ਵੀ ਦੇਸ ਭਾਰਤੀਆਂ ਵਾਂਞ ਅਗਿਆਨ-ਪੁਜਾਰੀ ਨਹੀਂ ਬਣਿਆ ਰਹਿਣਾ ਚਾਹੁੰਦਾ।

ਪਰ ਇਹ ਸੋਚਣ ਵਾਲੀ ਗੱਲ ਏ ਪਈ ਭਾਰਤ ਵਿੱਚ ਅਜਿਹਾ ਕਿਉਂ ਏਂ। ਇਹਦੀ ਅਸਲ ਵਜ੍ਹਾ ਤਾਂ ਅਜੋਕੀ ਵਰਣ-ਪ੍ਰਥਾ ਏ ਜਿਹੜੀ ਅੰਗਰੇਜੀ ਨੂੰ ਹਥਿਆਰ ਬਣਾ ਕੇ ਸਾਰੇ ਲਾਭ ਹਜਮ ਕਰਨਾ ਚਾਹੁੰਦੀ ਏ। ਹੁਣ ਇਸ ਨਾਲ ਇੱਕ ਹੋਰ ਵੱਡਾ ਲਾਲਚ ਵੀ ਜੁੜ ਗਿਆ ਏ; ਇਹ ਵੇ ਅੰਗਰੇਜੀ ਮਾਧਿਅਮ ਦੀ ਓਟ ਲੈ ਕੇ ਸਿੱਖਿਆ ਦੇ ਨਿਜੀਕਰਣ ਰਾਹੀਂ ਅੰਨ੍ਹੇ ਮੁਨਾਫੇ ਕਮਾਉਣਾ। ਇਸ ਕਰਕੇ ਓਹਨਾਂ ਵਿਚਾਰਾਂ ਨੂੰ ਮਲੀਆਮੇਟ ਕਰਨਾ ਜਰੂਰੀ ਏ ਜਿਨ੍ਹਾਂ ਦੀ ਇਹ ਅੰਗਰੇਜੀ ਮਨੁਵਾਦ ਓਟ ਲੈਂਦਾ ਏ। ਇਹ ਵਿਚਾਰ ਕੁਝ ਭਰਮ ਨੇ ਜਿਨ੍ਹਾਂ ਦਾ ਚੰਗਾ ਵੇਰਵਾ ਸਟਾੱਕਹੋਮ ਯੂਨੀਵਰਸਿਟੀ (ਸਵੀਡਨ) ਦੀ ੨੦੦੫ ਵਿੱਚ ਜਾਰੀ ਪੜਤਾਲ-ਲਿਖਤ ਵਿੱਚ ਮਿਲਦਾ ਏ (ਵੇਖੋ Benson, ੨੦੦੫)। ਇਹਨਾਂ ਵਿੱਚੋਂ ਕੁਝ ਭਰਮਾਂ ਦਾ ਵੇਰਵਾ ਹੇਠਾਂ ਦਿੱਤਾ ਏ।

### ੧.੩.੧. ਉਮਰ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ

ਖੋਜ ਇਹ ਵੀ ਦੱਸਦੀ ਏ ਪਈ ਬਾਲ ਨਾਲੋਂ ੧੫ ਸਾਲ ਤੋਂ ਵੱਧ ਉਮਰ ਵਾਲਾ ਬੰਦਾ ਪਰਦੇਸੀ/ਦੂਜੀ ਭਾਖਾ ਛੇਤੀ ਤੇ ਬਿਹਤਰ ਸਿੱਖਦਾ ਏ। ਪਰ ਭਾਰਤ ਦੀ ਨਵੀਂ ਸਿੱਖਿਆ ਨੀਤੀ ਵਿੱਚ ਆਹ ਲਿਖਿਆ ਏ (ਰਾਸ਼ਟਰੀ ਸਿੱਖਿਆ ਨੀਤੀ ੨੦੨੦, ੪.੧੨, ਪੰਨਾਂ ੧੩): "ਜਿਵੇਂ ਕਿ ਖੋਜ ਸਾਫ ਦੱਸਦੀ ਏ, ਬਾਲ ੨ ਤੋਂ ੮ ਸਾਲਾਂ ਦੀ ਉਮਰ ਵਿਚਕਾਰ ਭਾਖਾਵਾਂ ਸਭ ਤੋਂ ਤੇਜ ਸਿੱਖਦੇ ਨੇ ਤੇ ਬਹੁਭਾਖੀ ਹੋਣ ਦੇ ਜੁਆਨ ਪਾੜ੍ਹਿਆਂ ਲਈ ਵੱਡੇ ਗਿਆਨਵੀ ਲਾਭ ਨੇ,

ਇਸ ਕਰਕੇ ਨੀਂਹਵੇਂ ਪੱਧਰ ਤੋਂ ਈ ਬਾਲਾਂ ਨੂੰ ਵੱਖ-ਵੱਖ ਭਾਖਾਵਾਂ ਦੇ ਮਾਹੌਲ ਵਿੱਚ ਪਾਇਆ ਜਾਵੇਗਾ।" ਪਰ ਇਹ ਗੱਲ ਲਿਖਣ ਵਾਲਿਆਂ ਨੇ ਇਹ ਨਹੀਂ ਦੱਸਿਆ ਪਈ ਕਿਹੜੀ ਖੋਜ ਦੱਸਦੀ ਏ। ਖਵਰੇ ਕੋਈ ਲੱਭੀਓ ਈ ਨਹੀਂ ਹੋਣੀ। ਲੱਭਣੀ ਕਿੱਥੋਂ ਸੀ, ਜਦੋਂ ਕੋਈ ਖੋਜ ਇਹ ਦੱਸਦੀਓ ਈ ਨਹੀਂ।

ਕੌਮਾਂਤਰੀ ਵਿਹਾਰ ਤੇ ਖੋਜ ਸਿੱਖਿਆ ਨੀਤੀ ੨੦੨੦ ਵਿਚਲੀ ਇਸ ਉਤਲੀ ਧਾਰਣਾ ਨੂੰ ਝੁਠਲਾਂਦੇ ਨੇ। ਚੀਨ ਬਾਰੇ ਆਹ ਟੂਕ ਆਮ ਕੌਮਾਂਤਰੀ ਵਿਹਾਰ ਦੱਸਦੀ ਏ: "ਕੌਮੀ ਪਾਠਮਾਲਾ (ਪਾਠ-ਕ੍ਰਮ – ਜ ਸ) ਮੁਤਾਬਕ, ਤਿੰਨ ਕੇਂਦਰੀ ਵਿਸ਼ਿਆਂ 'ਚੋਂ ਇੱਕ ਵਿਸ਼ੇ ਵੱਜੋਂ ਅੰਗਰੇਜੀ ਦੀ ਪੜ੍ਹਾਈ ਮੁੱਢਲੇ ਤਿੰਨ ਤੋਂ ਸ਼ੁਰੂ ਹੁੰਦੀ ਏ (ਮਤਲਬ ਬਾਲ ਦੇ ਨੌਂਵੇ ਸਾਲ ਤੋਂ – ਜ ਸ)। ਪਰ ਥਾਂਵੀਂ ਸਿੱਖਿਆ ਵਿਭਾਗ ਤੇ ਵੱਖ-ਵੱਖ ਪਾਠਸਾਲ ਇਸ ਗੱਲ ਲਈ ਸੁਤੰਤਰ ਨੇ ਪਈ ਅੰਗਰੇਜੀ ਪੜ੍ਹਾਉਣਾ ਕਦੋਂ ਤੋਂ ਸ਼ੁਰੂ ਕਰਨਾ ਏਂ। ਵੱਡੇ ਸ਼ਹਿਰੀ ਖੇਤਰਾਂ ਦੀਆਂ ਕਈ ਪਾਠਸਾਲਾਂ ਅੰਗਰੇਜੀ ਪਹਿਲੀ ਜਮਾਤ ਤੋਂ ਸ਼ੁਰੂ ਕਰ ਦੇਂਦੀਆਂ ਨੇ; ਪਰ ਦੁਰਾਡੇ ਦਿਹਾਤੀ ਖੇਤਰਾਂ ਵਿਚਲੀਆਂ ਪਾਠਸਾਲਾਂ ਪੜ੍ਹਾਉਣ ਦੇ ਸਰੋਤ ਘੱਟ ਹੋਣ ਕਰਕੇ ਅੰਗਰੇਜੀ ਡੇਰ ਨਾਲ ਸ਼ੁਰੂ ਕਰਦੀਆਂ ਨੇ।"

"ਆਮ ਤੌਰ 'ਤੇ, ੨੦੧੧ ਦੀ ਕੌਮੀ ਪਾਠਮਾਲਾ ਮੁਤਾਬਕ ਜਿੱਥੇ ਅੰਗਰੇਜੀ ਤਰਿੱਜੀ ਜਮਾਤ ਤੋਂ ਸ਼ੁਰੂ ਹੁੰਦੀ ਏ, ਮੁੱਢਲੀਆਂ (ਪ੍ਰਾਇਮਰੀ) ਪਾਠਸਾਲਾਂ ਵਿੱਚ ਤਿੰਨ ਕੇਂਦਰੀ ਵਿਸ਼ਿਆਂ ਲਈ ਸਤਵਾੜਾ (ਹਫਤਾਵਾਰੀ) ਪਾਠ ਇੰਞ ਹੁੰਦੇ ਨੇ: ਤਰਿੱਜੀ ਜਮਾਤ ਤੋਂ ਛੇਵੀਂ ਜਮਾਤ ਤੱਕ ਪਾੜ੍ਹਿਆਂ ਨੂੰ ਹਰ ਸਤਵਾੜੇ ਤਿੰਨ ਦਿਨ ਚਾਲੀ-ਚਾਲੀ ਮਿੰਟ ਅੰਗਰੇਜੀ ਪੜ੍ਹਾਈ ਜਾਂਦੀ ਏ। ਇਸ ਦੇ ਮੁਕਾਬਲੇ, ਚੀਨੀ ਤੇ ਗਣਿਤ ਵਿਸ਼ਿਆਂ ਨੂੰ ਸੱਤਾਂ ਦਿਨਾਂ ਵਿੱਚ ਛੇ ਘੰਟੇ ਪੜ੍ਹਾਇਆ ਜਾਂਦਾ ਏ। ਗੌਣ ਵਿਸ਼ਿਆਂ, ਜਿਵੇਂ ਸਰੀਰੀ ਸਿੱਖਿਆ, ਵਿਗਿਆਨ, ਤੇ ਸੰਗੀਤ ਨਾਲ ਟਾਕਰਾ ਕਰੀਏ ਤਾਂ ਅੰਗਰੇਜੀ ਨੂੰ ਇਹਨਾਂ ਜਿੰਨਾ ਸਮਾਂ ਈ ਪੜ੍ਹਾਇਆ ਜਾਂਦਾ ਏ (ਪੜ੍ਹਾਈ ਮੰਤਰਾਲਾ, ੨੦੦੧)। ਪੜ੍ਹਾਈ ਦੇ ਘੰਟਿਆਂ ਦੇ ਹਿਸਾਬ ਨਾਲ ਵੇਖੀਏ ਤਾਂ ਅੰਗਰੇਜੀ ਗੌਣ ਵਿਸ਼ਾ ਏ।"
(https://multilingual-education.springeropen.com/articles/10.1186/-०13616-016-0026)

ਮੇਰੀ ਸਮਝੇ, ਪੂਰਾ ਭਾਰਤ ਸਮਝਦਾ ਏ ਪਈ ਚੀਨ ਤੇ ਅੰਗਰੇਜੀ ਪਿੱਛੇ ਕਮਲਾ ਹੋਇਆ ਪਿਆ ਏ। ਮੈਨੂੰ ਇਸ 'ਤੇ ਕੋਈ ਅਚੰਭਾ ਨਹੀਂ, ਕਿਉਂਕਿ ਮੈਨੂੰ ਪਤਾ ਏ ਪਈ ਭਾਰਤ ਦੇ ਨੀਤੀਕਾਰਾਂ ਲਈ 'ਜਾਣਕਾਰੀ ਦੇ ਜੁੱਗ' ਤੋਂ ਭਾਵ ਏ ਪਈ ਜਾਣਕਾਰੀ ਉੱਕਾ ਨਾ ਲਵੋ!

ਜਿੱਥੋਂ ਤੱਕ ਛੋਟੀ ਉਮਰੇ ਪਰਦੇਸੀ ਭਾਖਾ ਸਿੱਖਣ ਦੇ ਲਾਭ ਦੀ ਗੱਲ ਏ, ਮਇੰਟੈ (ਐਮਆਈਟੀ, ਅਮਰੀਕਾ) ਦੀ ਇਸ ਬਾਰੇ ਖੋਜ ਅੱਖਾਂ ਖੋਲ੍ਹਣ ਵਾਲੀ ਏ:

"ਹਜਾਰਾਂ ਬਾਲਗਾਂ ਨੇ ਜਿਨ੍ਹਾਂ ਵੀਹ ਸਾਲਾਂ ਦੀ ਉਮਰ ਤੋਂ ਪਿੱਛੋਂ ਸਿੱਖਣਾ ਸ਼ੁਰੂ ਕੀਤਾ ਉਹਨਾਂ ਮਾਤ-ਭਾਖਾ ਪੱਧਰ ਵਾਂਙ ਈ ਅੰਕ ਹਾਸਲ ਕੀਤੇ।" ਮਤਲਬ, ਉਹਨਾਂ ਦਾ ਪੱਧਰ ਮਾਤ-ਭਾਖੀਆਂ ਵਾਂਙ ਈ ਸੀ।

(https://medium.com/@chacon/mit-scientists-prove-adults-learn-language-to-fluency-nearly-as-well-as-children, ਪੰਨਾਂ ੩)

"ਜਿਹੜੇ ਬਾਲਾਂ ਤੇ ਬਾਲਗਾਂ ਨੂੰ ਕਾਰਜਸਾਲ ਦੀ ਟਾਕਰਵੀਂ ਸਮੱਗਰੀ ਜਾਂ ਭਰਵੀਂ ਕਾਰਜਮਾਲਾ ਦੇ ਮੁੱਢਲੇ ਮਹੀਨਿਆਂ 'ਚ ਪਾਇਆ ਗਿਆ, ਉਹਨਾਂ 'ਤੇ ਕੀਤੀਆਂ ਟਾਕਰਵੀਆਂ ਪੜਤਾਲਾਂ ਦੱਸਦੀਆਂ ਨੇ ਪਈ ਬਾਲਗਾਂ ਨੇ ਬਾਲਾਂ ਨਾਲੋਂ ਮਾੜੀ ਨਹੀਂ ਬਲਕਿ ਚੰਗੇਰੀ ਕਾਰਗੁਜਾਰੀ ਵਿਖਾਈ....ਖਵਰੇ ਇਸ ਕਰਕੇ ਪਈ ਉਹਨਾਂ ਸੁਚੇਤ ਕਾਰਜਨੀਤੀ ਦੀ ਵਰਤੋਂ ਕੀਤੀ ਤੇ ਜੋ ਉਹ ਆਪਣੀ ਮਾਤ ਭਾਖਾ ਬਾਰੇ ਜਾਣਦੇ ਸਨ ਉਸ ਜਾਣਕਾਰੀ ਦੀ ਵਰਤੋਂ ਕੀਤੀ।" (ਉਹੀ, ਪੰਨਾਂ ੭)। ਟਾਕਰਵੀਂ ਸਮੱਗਰੀ ਦਾ ਮਤਲਬ ਏ ਪਈ ਬਾਲਾਂ ਤੇ ਬਾਲਗਾਂ ਨੂੰ ਉਮਰ ਦੇ ਹਿਸਾਬ ਨਾਲ ਇੱਕੋ ਜਿਹੀ ਬਣਦੀ ਸਮੱਗਰੀ ਦਿੱਤੀ ਗਈ ਤੇ ਭਰਵੇਂ ਕਾਰਜਮਾਲਾ ਦਾ ਮਤਲਬ ਭਾਖਾ ਵਿੱਚ ਡੋਬਣ (ਇਮਰਸ਼ਨ) ਵਿਧੀ ਏ।

"...ਵੀਹ ਸਾਲਾਂ ਤੋਂ ਵੱਧ ਉਮਰ ਵਾਲੇ ਜੁੱਟ ਦੇ ਬਾਲਗ ਇੱਕ ਸਾਲ ਦੀ ਪੜ੍ਹਾਈ ਨਾਲ ਈ ਵਿਆਕਰਣ ਦੀ ਇਸ ਨਾ ਮੰਨੀ ਜਾਣ ਦੀ ਹੱਦ ਤੱਕ ਔਖੀ ਪਰੀਖਿਆ ਵਿੱਚ ੧੦੦ ਵਿੱਚੋਂ ੮੦-੮੫ ਅੰਕ ਹਾਸਲ ਕਰਦੇ ਨੇ।" (ਉਹੀ, ਪੰਨਾਂ ੯)। ਦੱਸ ਦਿਆਂ ਪਈ ੧੦੦ 'ਚੋਂ ੯੦ ਅੰਕ ਲੈਣ ਦਾ ਮਤਲਬ ਮਾਤ ਭਾਖਾ ਪੱਧਰ ਦੇ ਅੰਕ ਲੈਣਾ ਏਂ।

ਬਰਤਾਨੀਆ ਦਾ ਅਲੈਕਸ ਰਉਲਿੰਗ, ਜਿਹੜਾ ੧੫ ਭਾਖਾਵਾਂ ਬੋਲਦਾ ਏ, ਭਾਖਾਵਾਂ ਸਿੱਖਣ ਬਾਰੇ ਆਪਣਾ ਤਜਰਬਾ ਇੰਞ ਦੱਸਦਾ ਏ:

"ਲੋਕ ਆਂਹਦੇ ਨੇ ਪਈ ਬਾਲਗ ਹੋ ਕੇ ਸਿੱਖਣਾ ਬੜਾ ਔਖਾ ਹੁੰਦਾ ਏ। ਮੈਂ ਆਹਨਾਂ ਵਾਂ ਪਈ ਅੱਠ ਸਾਲ ਦੀ ਉਮਰ ਤੋਂ ਪਿੱਛੋਂ ਕਿਧਰੇ ਵੱਧ ਸੌਖਾ ਹੁੰਦਾ ਏ। ਬਾਲ ਤਿੰਨ ਸਾਲ 'ਚ ਭਾਖਾ ਸਿੱਖਦਾ ਏ, ਪਰ ਬਾਲਗ ਕੁਝ ਮਹੀਨਿਆਂ ਵਿੱਚ ਈ ਸਿੱਖ ਜਾਂਦਾ ਏ।"

(https://qz.com/੭੫੩੫੨੮/science-suggests-bilingualism-helps-keep-our-brains-mentally-fit/)

(ਕਿੰਞ ਸਮਝਾਵਾਂ ਤੈਨੂੰ ਅਲੈਕਸ ਭਾ, ਸਾਨੂੰ ਤੇ ਡੂਢ ਸੌ ਸਾਲ 'ਚ ਵੀ ਨਹੀਂ ਆਈ!)

ਇਹ ਸਹੀ ਏ ਪਈ ਸੁਭਾਵੀ (ਸੁਭਾਵਕ) ਭਾਖਾਈ ਮਾਹੌਲ ਵਿੱਚ ਬਾਲ ਇੱਕੋ ਵੇਲੇ ਕਈ ਭਾਖਾਵਾਂ ਸਿੱਖ ਲੈਂਦਾ ਏ। ਪਰ ਸੁਭਾਵੀ ਭਾਖਾਈ ਮਾਹੌਲ ਤੇ ਜਮਾਤੀ ਕਮਰੇ ਦੇ ਬਣਾਉਟੀ ਮਾਹੌਲ ਦਾ ਵਾਲ-ਭਰ ਦਿੱਸਣ ਵਾਲਾ ਵਖਰੇਵਾਂ ਅਸਲ ਵਿੱਚ ਹਿਮਾਲਿਆ ਪਹਾੜ ਜਿੱਡਾ ਏ। ਇਸ ਲਈ ਇੱਕ ਗੁਆਹੀਓ ਈ ਵਾਧੂ ਏ ਪਈ ਭਾਰਤ ਦੇ ੧੫ ਸਾਲ ਅੰਗਰੇਜੀ ਪੜ੍ਹੇ (ਬੀਏ ਪਾਸ) ਪਾੜ੍ਹੇ ਦਾ ਹੱਥ ਵੀ ਅੰਗਰੇਜੀ ਹੱਥੋਂ ਤੰਗ ਈ ਹੁੰਦਾ ਏ, ਜਿਹੜਾ ਕੰਮ ਇੱਕ ਸਾਲ 'ਚ ਈ ਵਾਹਵਾ ਨਬੇੜਿਆ ਜਾਂ ਸੱਕਦਾ ਏ। ਇਸ ਸੁਭਾਵੀ ਤੇ ਬਣਾਉਟੀ ਮਾਹੌਲ ਦੇ ਸਿੱਟੇ ਹੇਠਲੇ ਪੰਨੇਂ ਤੋਂ ਜਾਣੇ ਜਾ ਸੱਕਦੇ ਨੇ। ਏਸੇ ਪੰਨੇਂ 'ਤੇ ਮਇੰਟੈ ਦੀ ਉਤਲੀ ਪੜਤਾਲ ਦਾ ਵੇਰਵਾ ਵੀ ਏ:

https://theconversation.com/whats-the-best-way-to-teach-children-a-second-language-new-research-produces-surprising-results-122059?fbclid=IwAR1dTTxunVVHmD_ECMLX9fX1i1ks6q7YOW5gJ7nijEi3WFHLQkfntl1dkVM

### ੧.੩.੨. ਅਮੀਰ-ਗਰੀਬ ਪਾੜਾ ਤੇ ਪਰਦੇਸੀ ਭਾਖਾ ਸਿੱਖਣ ਬਾਰੇ ਭਰਮ

ਖੋਜ ਇਹ ਵੀ ਦੱਸਦੀ ਏ ਪਈ ਜੇ ਸਿੱਖਿਆ ਦਾ ਮਾਧਿਅਮ ਮਾਤ ਭਾਖਾ ਹੋਵੇ ਤਾਂ ਗਰੀਬ ਤੇ ਅਮੀਰ ਵਿਦਿਆਰਥੀਆਂ ਵਿਚਕਾਰ ਸਿੱਖਿਆ ਦਾ ਪਾੜਾ ਵੀ ਪਰਦੇਸੀ ਭਾਖਾ ਮਾਧਿਅਮ ਦੇ ਮੁਕਾਬਲੇ ਘੱਟ ਹੁੰਦਾ ਏ। ਏਥੇ ਧਿਆਨ ਦੇਣ ਵਾਲੀ ਗੱਲ ਇਹ ਵੇ ਪਈ ਅੰਗਰੇਜੀ ਮਾਧਿਅਮ ਨੂੰ ਚਲਾਉਣ ਲਈ ਜਿਹੜੇ ਵੱਡੇ ਸਹਾਰਿਆਂ ਦੀ ਲੋੜ ਹੁੰਦੀ ਏ ਹੀਣੇ ਬਾਲਾਂ ਨੂੰ ਉਹ ਹਾਸਲ ਈ ਨਹੀਂ ਹੋ ਸੱਕਦੇ, ਜਿਵੇਂ ਮਾਪਿਆਂ ਦਾ ਸਿੱਖਿਆ ਪਿਛੋਕੜ, ਟਿਊਸ਼ਨਾਂ ਲਈ ਖਰਚਾ, ਪਾਠਸਾਲ ਵਿੱਚ ਚੰਗੀ ਪੜ੍ਹਾਈ (ਜਿਹੜੀ ਮਹਿੰਗੇ ਪਾਠਸਾਲਾਂ ਵਿੱਚ ਈ ਹਾਸਲ ਏ), ਤੇ ਹੋਰ ਤਕਨੀਕੀ ਜੰਤਰ ਆਦਿ। ਸੋਚਣ ਵਾਲੀ ਗੱਲ ਇਹ ਵੇ ਪਈ ਇਹ ਸਾਰੇ ਸਹਾਰੇ ਹੁੰਦਿਆਂ ਹੋਇਆਂ ਵੀ ਦੁਨੀਆਂ ਦੇ ਮੁਕਾਬਲੇ ਭਾਰਤ ਦੇ ਅਮੀਰਾਂ ਦੇ ਬਾਲਾਂ ਦੀ ਪੜ੍ਹਾਈ ਦਾ ਵੀ ਜੇ ਏਨਾ ਮਾੜਾ ਹਾਲ ਏ ਤਾਂ ਗਰੀਬ ਬਾਲਾਂ ਦਾ ਕੀ ਬਣ ਸੱਕਦਾ ਏ। ਮਾਂ ਬੋਲੀ ਮਾਧਿਅਮ ਦੀਆਂ ਪਾਠਸਾਲਾਂ ਮਾੜੀਆਂ ਹੁੰਦਿਆਂ ਵੀ ਗਰੀਬ ਬਾਲ ਕੁਝ ਪੜ੍ਹ-ਸਮਝ ਲੈਂਦੇ ਨੇ। ਅੰਗਰੇਜੀ ਮਾਧਿਅਮ ਵਿੱਚ ਤਾਂ ਉਹ ਉੱਕਾ ਈ ਪਿੱਛੇ ਰਹਿ ਜਾਂਦੇ ਨੇ।

ਪਰ ਮੁੜ ਵੀ ਕੁਝ ਲੋਕ ਸੋਚਦੇ ਨੇ ਪਈ ਜੇ ਹੀਣੇ ਵਰਗ ਦੇ ਬਾਲਾਂ ਨੂੰ ਅੰਗਰੇਜੀ ਮਾਧਿਅਮ ਵਿੱਚ ਪੜ੍ਹਾਉਣ ਲਾ ਦਈਏ ਤਾਂ ਅਮੀਰਾਂ ਦੇ ਬਾਲਾਂ ਦੇ ਮੁਕਾਬਲੇ ਪੈਣ ਵਾਲਾ ਘਾਟਾ ਪੂਰਿਆ ਜਾ ਸੱਕਦਾ ਏ। ਕਾਂਚਾ ਇਲੱਈਆ ਨਾਂ ਦਾ ਇੱਕ ਤੇਲੁਗੂ ਬੁੱਧਜੀਵੀ ਗਰੀਬਾਂ ਲਈ ਅੰਗਰੇਜੀ ਮਾਧਿਅਮ ਦੀ ਬੜੀ ਵਕਾਲਤ ਕਰਦਾ ਏ। ਮੈਂ ਉਹਨੂੰ ਬੜੀ ਵੇਰ ਆਹ ਸਾਰੇ ਤੱਥ ਘੱਲੇ ਨੇ ਪਰ ਉਹਨੇ ਕਦੇ ਜੁਆਬ ਈ ਨਹੀਂ ਦਿੱਤਾ।

## ੧.੪. ਭਾਖਾ ਬਾਰੇ ਕੁਝ ਹੋਰ ਭਰਮ

### ੧.੪.੦. "ਇੱਕ ਰਾਸ਼ਟਰ - ਇੱਕ ਭਾਖਾ ਭਰਮ

ਇਸ ਬਸਤੀਵਾਦੀ ਵਿਚਾਰ ਨੇ ਪਈ ਕਿਸੇ ਰਾਸ਼ਟਰ-ਰਾਜ ਨੂੰ ਇੱਕ ਸਾਂਝੀ ਭਾਖਾ ਦੀ ਲੋੜ ਹੁੰਦੀ ਏ, ਦੁਨੀਆਂ ਦੇ ਕਈ ਹਿੱਸਿਆਂ ਵਿੱਚ ਨੀਤੀਘਾੜਿਆਂ ‘ਤੇ ਅਸਰ ਕੀਤਾ ਏ। ਪਰ ਨਾ ਤਾਂ ਇੱਕ ਨਿਰਪੱਖ ਪਰਦੇਸੀ ਭਾਖਾ ਥੋਪਣ ਨਾਲ ਕਿਧਰੇ ਏਕਤਾ ਪੈਦਾ ਹੋਈ ਏ ਤੇ ਨਾ ਹੀ ਸੋਮਾਲੀਆ, ਬਰੂੰਦੀ, ਤੇ ਰਵਾਂਡਾ ਜਿਹੇ ਮੁਕਾਬਲਤਨ ਇੱਕ ਭਾਖਾਈ ਦੇਸਾਂ ਵਿੱਚ ਟਿਕਾਅ ਪੱਕਾ ਹੋਇਆ ਏ। ਅਸਲ ਵਿੱਚ, ਬੰਗਲਾਦੇਸ, ਪਾਕਿਸਤਾਨ, ਮਿਆਂਮਾਰ ਤੇ ਸ੍ਰੀਲੰਕਾ ਜਿਹੇ ਦੇਸਾਂ ਵਿੱਚ ਨਸਲੀ-ਭਾਖਾਈ ਵਖਰੇਵੇਂ ਨੂੰ ਸਰਕਾਰ ਵੱਲੋਂ ਮਾਨਤਾ ਨਾ ਦੇਣਾ ਈ ਟਿਕਾਅ ਨਾ ਹੋਣ ਦਾ ਵੱਡਾ ਕਾਰਣ ਬਣਿਆ ਏ।" (Ouane, ੨੦੦੩)

### ੧.੪.੧. "ਇਹ ਭਰਮ ਪਈ ਥਾਂਵੀਂ ਭਾਖਾਵਾਂ ਆਧੁਨਿਕ ਸੰਕਲਪਾਂ ਦੇ ਸੰਚਾਰ ਲਈ ਸਮਰੱਥ ਨਹੀਂ

ਦੂਜੀਆਂ ਭਾਖਾਵਾਂ ਦੇ ਮੁਕਾਬਲੇ ਯੂਰਪੀ ਭਾਖਾਵਾਂ ਦੀ ਜਨਮਜਾਤ ਸਮਰੱਥਾ ਇੱਕ ਦੂਜਾ ਬਸਤੀਵਾਦੀ ਵਿਚਾਰ ਏ। ਪਰ ਦੁਨੀਆਂ ਦੀ ਹਰ ਭਾਖਾ ਇਸ ਦੇ ਬੁਲਾਰਿਆਂ ਦੇ ਵਿਚਾਰ ਪ੍ਰਗਟ ਕਰਨ ਦੇ ਸਮਰੱਥ ਏ ਤੇ ਲੋੜ ਪੈਣ 'ਤੇ ਨਵੀਂ ਤਕਨੀਕੀ ਸ਼ਬਦਾਵਲੀ ਤੇ ਬਣਤਰਾਂ ਦਾ ਵਿਗਾਸ ਕਰਨ ਦੇ ਸਮਰੱਥ ਏ। ਇਸ ਗੱਲ ਦਾ ਸਬੂਤ ਇੱਕ ਵਾਰ ਲੇਓਪੋਲਡ ਸੇਂਘਰ ਨੇ ਆਈਨਸਟਾਈਨ ਦੇ ਸਪੇਖਤਾ ਦੇ ਸਿਧਾਂਤ ਦਾ ਸੇਨੇਗਲ ਦੀ ਭਾਖਾ ਵੋਲੋਫ ਵਿੱਚ ਉਲਥਾ ਕਰ ਕੇ ਦਿੱਤਾ। ਅਸਲ ਫਰਕ ਇਹ ਵੇ ਪਈ ਲਿਖਤ ਤੇ ਛਾਪਣ ਰਾਹੀਂ ਬੁੱਧੀ-ਕਾਰਜਾਂ ਤੇ ਵਿਗਾਸ ਵਾਸਤੇ ਇਤਿਹਾਸੀ ਤੌਰ 'ਤੇ ਇੱਕ ਭਾਖਾ ਦੀ ਚੋਣ ਕੀਤੀ ਗਈ ਏ।" (Alexandu, ੨੦੦੩)।

ਜਿਵੇਂ ਕਿ ਉਤਲੇ ਆਖੇ ਤੋਂ ਸਾਫ ਹੁੰਦਾ ਏ, ਹਰ ਭਾਖਾ ਵਿੱਚ ਕਿਸੇ ਵੀ ਸੰਕਲਪ ਨੂੰ ਪਰਗਟਾਉਣ ਦੀ ਸਮਰੱਥਾ ਹੁੰਦੀ ਏ। ਪਰ ਇਸ ਮਾਮਲੇ ਬਾਰੇ ਅਗਿਆਨ ਦਾ ਏਨਾ ਪਸਾਰ ਏ ਪਈ ਕੁਝ ਵੇਰਵੇ ਵਿੱਚ ਜਾਣਾ ਜਰੂਰੀ ਏ।

ਵਾਕ ਬਣਤਰ ਦੇ ਪੱਖੋਂ ਇਹ ਬਿਲਕੁਲ ਨਹੀਂ ਆਖਿਆ ਜਾ ਸੱਕਦਾ ਪਈ ਕੋਈ ਭਾਖਾ ਵਧੇਰੇ ਸਮਰੱਥ ਏ ਤੇ ਕੋਈ ਘੱਟ। ਹਰ ਭਾਖਾ ਦੀ ਵਾਕ ਬਣਤਰ ਥੋੜ੍ਹੇ-ਬਹੁਤ ਬਣਤਰੀ ਫਰਕਾਂ ਨਾਲ ਇੱਕੋ ਜਿਹੀ ਏ। ਕੋਈ ਦੋ ਭਾਖਾਵਾਂ ਦਾ ਵਿਆਕਰਣ ਲੈ ਕੇ ਕੁਝ ਕੁ ਪੰਨੇ ਪੜ੍ਹਨ ਨਾਲ ਈ ਇਹ ਸਾਫ ਹੋ ਜਾਂਦਾ ਏ। ਜਿਹੜੀਆਂ ਭਾਖਾਵਾਂ ਦਾ ਕੋਈ ਵਿਆਕਰਣ ਨਹੀਂ ਵੀ ਲਿਖਿਆ ਗਿਆ ਉਹਨਾਂ ਦੀ ਵਾਕ ਬਣਤਰ ਵੀ ਓਨੀਓਂ ਈ ਅਮੀਰ ਹੁੰਦੀ ਏ ਜਿੰਨੀ ਲਿਖਤੀ ਵਿਆਕਰਣ ਵਾਲੀਆਂ ਭਾਖਾਵਾਂ ਦੀ। ਸਿਆਪਾ ਪਾਣ ਵਾਲੀ ਗੱਲ ਸ਼ਬਦ-ਭੰਡਾਰ ਏ।

ਅਕਸਰ ਸੁਣਿਆ ਜਾਂਦਾ ਏ ਪਈ ਸਾਡੀਆਂ ਭਾਖਾਵਾਂ ਵਿੱਚ ਵਿਗਿਆਨ ਤੇ ਤਕਨੀਕ ਜਿਹੇ ਵਿਸ਼ਿਆਂ ਦੀ ਸਿੱਖਿਆ ਲਈ ਸ਼ਬਦ ਨਹੀਂ। ਪਰ ਇਹ ਸਮਝ ਸੌ ਫੀਸਦੀ ਅਗਿਆਨ 'ਤੇ ਟਿਕੀ ਏ। ਅਸਲ ਵਿੱਚ ਹਰ ਭਾਖਾ ਦੀ ਸ਼ਬਦ ਸਮਰੱਥਾ ਇਕੋ ਜਿਹੀ ਹੁੰਦੀ ਏ, ਕਿਉਂਕਿ ਕਿਸੇ ਵੀ ਭਾਖਾ ਦਾ ਸਾਰਾ

ਸ਼ਬਦ-ਭੰਡਾਰ ਕੁਝ ਮੂਲ ਤੱਤਾਂ ਤੋਂ ਘੜਿਆ ਜਾਂਦਾ ਏ ਤੇ ਇਹਨਾਂ ਮੂਲ ਤੱਤਾਂ ਦੇ ਪੱਖੋਂ ਭਾਖਾਵਾਂ ਵਿੱਚ ਕੋਈ ਅੰਤਰ ਨਹੀਂ ਏਂ। ਮਿਸਾਲ ਲਈ ਹੇਠਲੇ ਅੰਗਰੇਜੀ ਸ਼ਬਦਾਂ ਨੂੰ ਵੇਖਿਆ ਜਾ ਸੱਕਦਾ ਏ:

੧. "Haem. *A prefix signifying blood.*
੨. Haemacyte. *A blood cell.*
੩. Haemagogue. *Medicine that promotes the catamenial and haemorrhoidal discharges.*
੪. Haemal. *Pertaining to the blood.*
੫. Haemalopia. *An effusion of the blood into the globe of the eye; bloodshot eye.*
੬. Haemngiectasis. *Dilatation of a blood vessel.*
੭. Haemangioma. *A malformation of a blood vessels which may occur in any part of the body.*
੮. Haemarthrosis. *The presence of blood in a joint cavity.*
੯. Haematemesis. *The vomiting of blood.*
੧੦. Haematin. *An iron-containing constituent of haemoglobin.*
੧੧. Haematinic. *An agent improving the blood-quality.*
੧੨. Haematinuria. *The presence of haematin in the urine.*
੧੩. Haematocele. *A swelling filled with blood; haematoma.*
੧੪. Haematocolpos. *Retention of the menses due to a congenital obstruction of vagina.*
੧੫. Haematogenesis. *The development of the blood.*
੧੬. Haematoid. *Having the nature or appearance of blood.*
੧੭. Haematology. *The science dealing with the formation, composition, functions and diseases of the blood.*
੧੮. Haematolysis. *Destruction of blood cells and liberation of haemoglobin.*
੧੯. Haematoma. *The blood tumour; H. Auris, the blood tumour of the external."*

(Rawat, ੧੯੮੫ 'ਚੋਂ ਧੰਨਵਾਦ ਸਹਿਤ)

ਪਹਿਲੀ ਝਾਤੇ ਇਹ ਲੱਗੇਗਾ ਪਈ ਪੰਜਾਬੀ ਭਾਖਾ ਵਿੱਚ ਇਹਨਾਂ ਸ਼ਬਦਾਂ ਦੇ ਬਰਾਬਰ ਸ਼ਬਦ ਨਹੀਂ। ਪਰ ਸੱਚਾਈ ਇਹ ਵੇ ਪਈ ਇਹ ਸਾਰੇ ਸ਼ਬਦ ਇੱਕ ਹੀ ਮੂਲ ਤੱਤ 'Heam' (ਰੱਤ) ਨਾਲ ਵੱਖ-ਵੱਖ ਵਾਧੇ ਲੱਗ ਕੇ ਬਣੇ ਨੇ। ਇਹਨਾਂ ਦੇ ਹੇਠਾਂ ਦਿੱਤੇ ਪੰਜਾਬੀ ਸਮਾਨ-ਅਰਥੀ ਆਪੇ ਦੱਸ ਦੇਣਗੇ ਪਈ ਚੰਦ ਪਲਾਂ ਵਿੱਚ ਇਹਨਾਂ ਦੇ ਬਰਾਬਰ ਦੇ ਸ਼ਬਦ ਹਾਸਲ ਹੋ ਸਕਦੇ ਨੇ:

੧. Haem - ਰੱਤ
੨. Haemacyte - ਰੱਤ-ਕੋਸ਼ਕਾ
੩. Haemagogue - ਰੱਤ-ਵਗਾਊ
੪. Haemal - ਰੱਤੂ/ਰੱਤਾਵੀ
੫. Haemalopia - ਰੱਤੂ-ਨੇਤਰ
੬. Haemngiectasis - ਰੱਤ-ਵਹਿਣੀ-ਪਸਾਰ
੭. Haemangioma - ਰੱਤ-ਮਹੁਕਾ
੮. Haemarthrosis - ਰੱਤ-ਜੋੜ-ਵਿਗਾੜ
੯. Haematemesis - ਰੱਤ-ਉਲਟੀ
੧੦. Haematin - ਲੋਹ-ਰੱਤੀਆ
੧੧. Haematinic - ਰੱਤ-ਵਧਾਊ

੧੨. Haematinuria - ਰੱਤ ਮੂਤਰ
੧੩. Haematocele - ਰੱਤ-ਗਿਲਟੀ
੧੪. Haematocolpos - ਰੱਤ-ਗਰਭਰੋਕ
੧੫. Haematogenesis - ਰੱਤ-ਉਪਜ/ਵਿਗਾਸ
੧੬. Haematoid - ਰੱਤ-ਰੂਪ/ਰੰਗ, ਰੱਤੀਆ
੧੭. Haematology - ਰੱਤ-ਵਿਗਿਆਨ
੧੮. Haematolysis - ਰੱਤ-ਹਰਾਸ
੧੯. Haematoma - ਰੱਤ-ਗੰਢ

ਸੋ ਇਹ ਆਖਣਾ ਪਈ ਸਾਡੀਆਂ ਭਾਖਾਵਾਂ ਵਿੱਚ ਸ਼ਬਦ ਨਹੀਂ ਮਿਲਦੇ ਕਿਸੇ ਦੇ ਭਾਖਾਈ ਅਗਿਆਨ ਦਾ ਸੁਹਣਾ ਸਬੂਤ ਈ ਹੋ ਸੱਕਦਾ ਏ, ਇਸ ਤੋਂ ਵੱਧ ਕੁਝ ਨਹੀਂ।

ਉਤਲੇ ਸ਼ਬਦ ਗਿਆਨ-ਵਿਗਿਆਨ ਤੇ ਅੰਗਰੇਜੀ ਭਾਖਾ ਦੇ ਸਬੰਧ ਬਾਰੇ ਇੱਕ ਹੋਰ ਵੱਡੀ ਸੱਚਾਈ ਦੱਸਦੇ ਨੇ; ਇਹਨਾਂ 'ਚੋਂ ਇੱਕ ਵੀ ਸ਼ਬਦ ਅੰਗਰੇਜੀ ਭਾਖਾ ਦਾ ਨਹੀਂ ਏਂ। ਅੰਗਰੇਜੀ ਭਾਖੀਆਂ ਨੇ ਇਹ ਸਾਰੇ ਲਾਤੀਨੀ ਭਾਖਾ 'ਚੋਂ ਸਿੱਧੇ ਚੁੱਕੇ ਨੇ। ਇਸ ਲਈ ਇਹ ਸਮਝਣਾ ਵੀ ਅਣਸਮਝੀ ਏ ਪਈ ਜੇ ਕਿਸੇ ਨੂੰ ਅੰਗਰੇਜੀ ਭਾਖਾ ਆਉਂਦੀ ਹੋਵੇ ਤਾਂ ਉਹਨੂੰ ਗਿਆਨ-ਵਿਗਿਆਨ ਦੀ ਸ਼ਬਦਾਵਲੀ ਸਮਝ ਆ ਜਾਵੇਗੀ, ਕਿਉਂਕਿ ਅੰਗਰੇਜੀ ਭਾਖਾ ਵਿੱਚ ਗਿਆਨ-ਵਿਗਿਆਨ ਦੀ ਬਹੁਤੀ ਸ਼ਬਦਾਵਲੀ ਲਾਤੀਨੀ, ਯੂਨਾਨੀ ਆਦਿ ਭਾਖਾਵਾਂ ਦੀ ਏ ਨਾ ਕਿ ਅੰਗਰੇਜੀ ਦੀ। ਸ਼ਬਦਾਂ ਦਾ ਮਾਮਲਾ ਕਿਉਂਕਿ ਬੜੇ ਪੁਆੜੇ ਪਾਂਦਾ ਏ, ਇਸ ਕਰਕੇ ਇਹਦੇ ‘ਤੇ ਕੁਝ ਹੋਰ ਝਾਤ ਲਾਹੇਵੰਦ ਹੋਵੇਗੀ।

ਪਿਛਲੇ ਦਿਨੀਂ ਮੇਰੇ ਇੱਕ ਜੀਵ-ਵਿਗਿਆਨ ਦੇ ਅਧਿਆਪਕ ਮਿੱਤਰ ਨੇ ਮੈਨੂੰ ਜੀਵ-ਵਿਗਿਆਨ ਬਾਰੇ ਇੱਕ ਪੈਰ੍ਹਾ ਅੰਗਰੇਜੀ ਤੋਂ ਪੰਜਾਬੀ ਵਿੱਚ ਪਲਟਾਉਣ ਲਈ ਆਖਿਆ। ਇਹ ਪੈਰ੍ਹਾ ਹੇਠਾਂ ਦਿੱਤਾ ਏ; ਮੂਲ ਅੰਗਰੇਜੀ ਪੰਜਾਬੀ ਤੋਂ ਪਿੱਛੇ ਵੇ। ਪੰਜਾਬੀ ਉਲਥੇ ‘ਤੇ ਇੱਕ ਸਰਸਰੀ ਝਾਤ ਈ ਦੱਸ ਦੇਂਦੀ ਏ ਪਈ ਪੰਜਾਬੀ ਵਿੱਚ ਉੱਚੇ ਤੋਂ ਉੱਚੇ ਵਿਗਿਆਨ ਦੀ ਗੱਲ ਕਰਨੀ ਕਿੰਨੀ ਸੌਖੀ ਏ ਤੇ ਪੰਜਾਬੀ ਵਿਦਿਆਰਥੀਆਂ ਨੂੰ ਅੰਗਰੇਜੀ ਦੇ ਮੁਕਾਬਲੇ ਪੰਜਾਬੀ ਵਿੱਚ ਕਿੰਨੀ ਛੇਤੀ ਸਮਝ ਆ ਸੱਕਦੀ ਏ। ਪੈਰ੍ਹੇ ਦਾ ਪੰਜਾਬੀ ਉਲਥਾ ਇਹ ਵੇ:

“ਅਪਰਾਧ-ਜਾਂਚੀ ਕੀੜਾ-ਵਿਗਿਆਨ ਵਿੱਚ ਇੱਕ ਉੱਭਰਦਾ ਪਿਆ ਖੇਤਰ ਕੀੜਾ-ਵਿੱਸ-ਵਿਗਿਆਨ ਖੇਤਰ ਏ ਜਿਹੜਾ ਮਰੇ ਮਾਨਵੀ ਮਾਸ-ਭਾਖੀ ਕੀੜਿਆਂ ਵਿੱਚ ਵਿੱਸੀ ਪਦਾਰਥਾਂ (ਔਖਧੀਆਂ, ਨਸ਼ੀਲੇ ਪਦਾਰਥ, ਵਾਤਾਵਰਣ ਪਰਦੂਸ਼ਣ ਪਦਾਰਥ, ਕੀੜੇ-ਮਾਰ, ਤੇ ਹੋਰ ਵਿੱਸ) ਦੀ ਮਾਤਰਾ ਤੇ ਗੁਣ ਪੱਖੋਂ ਤੈਅ ਕਰਨ ਬਾਰੇ ਵੇ। ਵਿੱਸੀ ਪਦਾਰਥਾਂ ਦੀ ਮਾਤਰਾ ਤੈਅ ਕਰਨ ਨਾਲ ਮੌਤ ਦੀ ਵਜ੍ਹਾ ਤੇ ਉਸ ਭੁਗੋਲੀ ਖੇਤਰ ਬਾਰੇ ਜਾਣਕਾਰੀ ਵਿੱਚ ਵਾਧਾ ਹੁੰਦਾ ਏ ਜਿੱਥੇ ਮਰੀ ਦੇਹ ਪਈ ਰਹੀ ਹੋਵੇ। ਗਲਦੇ-ਸੜਦੇ ਪਏ ਮਾਸ-ਖੰਡ ਵਿੱਚ ਮੌਜੂਦ ਜੀਵ ਤੋਂ ਬਾਹਰਲੇ ਪਦਾਰਥ ਮਰੀ ਦੇਹ ਉਤਲੇ ਕੀੜਿਆਂ ਦੀ ਵਿਗਾਸ ਦਰ ਜਾਂ ਵਿਰਸਾ ਦਰ ਵਿੱਚ ਵਾਧਾ ਕਰ ਸੱਕਦੇ ਨੇ, ਇਸ ਲਈ ਉਹਨਾਂ ਦੀ ਮਾਤਰਾ ਤੈਅ ਕਰਨ ਨਾਲ ਪੀਐਮਆਈ-ਮਿਨ (ਮੌਤ ਪਿੱਛੋਂ ਘੱਟੋ-ਘੱਟ ਅੰਤਰਾਲ) ਦਾ ਵਧੇਰੇ ਸਹੀ ਅਨੁਮਾਨ ਲਾਇਆ ਜਾ ਸੱਕਦਾ ਏ। ਰਸਾਇਣੀ ਪਦਾਰਥ ਕਿਉਂਕਿ ਕਿਸੇ ਕੀੜੇ ਦੇ ਵਾਧੇ ਤੇ ਵਿਗਾਸ ‘ਤੇ ਅਸਰ ਕਰ ਸੱਕਦੇ ਨੇ, ਇਸ ਲਈ ਇਹ ਅਸਰ ਕੀ ਨੇ ਤੇ ਇਹ ਪੀਐਮਆਈ-ਮਿਨ ਤੈਅ ਕਰਨ ਨੂੰ ਕਿਵੇਂ ਬਦਲ ਸੱਕਦੇ ਨੇ ਦੇ ਟੀਚੇ ਨਾਲ ਪ੍ਰਯੋਗਸਾਲੀ ਤਜਰਬੇ ਖਾਸ ਤੌਰ ‘ਤੇ ਤਿਆਰ ਕੀਤੇ ਗਏ ਨੇ ਤੇ ਸੰਸਾਰ ਪੱਧਰ ‘ਤੇ ਕੀਤੇ ਜਾਂਦੇ ਰਹੇ ਨੇ। ਪਰ ਭਾਰਤ ‘ਚੋਂ ਕੀੜਾ-ਵਿੱਸ-ਵਿਗਿਆਨਵੀ ਅੰਕੜਿਆਂ ਦੀ ਅਸਲ ਵਿੱਚ ਅਣਹੋਂਦ ਏ। ਭੂਮੰਡਲੀ ਪੱਧਰ ‘ਤੇ ਪਿਛਲੀ ਬਹੁਤੀ ਖੋਜ ਬਣਾਉਟੀ ਔਖਧੀਆਂ ਤੇ ਵਰਜਤ ਨਸ਼ੀਲੇ ਪਦਾਰਥਾਂ ਤੇ ਭਾਰੀਆਂ ਧਾਤਾਂ ਜਿਹੇ ਵਾਤਾਵਰਣ ਪਰਦੂਸ਼ਣੀਆਂ ਬਾਰੇ ਵੇ। ਜੀਵੀ-ਫਾਸਫੇਟਾਂ ਦੇ ਅਸਰਾਂ ਬਾਰੇ ਕੁਝ ਛਪੀਆਂ ਪੜਤਾਲਾਂ ਵੀ ਮਿਲਦੀਆਂ ਨੇ, ਪਰ ਐਂਡੋਸਲਫਾਨ ਤੇ ਕਾਰਗੋਫਰਾਨ ਕੀੜੇਮਾਰਾਂ ਦਾ ਮੁਲੰਕਣ ਕਰਨ ਵਾਲੀਆਂ ਕੀੜਾ-ਵਿੱਸ-ਵਿਗਿਆਨਵੀ ਪੜਤਾਲਾਂ ਦੇ ਸਿੱਟੇ ਹਾਸਲ ਨਹੀਂ। ਇਸ ਕਰਕੇ, ਬਣਾਉਟੀ ਜੀਵੀ ਕੀੜੇ-ਮਾਰਾਂ ਦੇ ਤਿੰਨ ਵੱਖ-ਵੱਖ ਵਰਗਾਂ ਦੀ ਨੁਮਾਇੰਦਗੀ ਕਰਨ ਵਾਲੇ ਤਿੰਨ ਕੀੜੇ-ਮਾਰਾਂ, ਮਿਥਾਈਲ, ਪੈਰਾਥਿਓਨ, ਐਂਡੋਸਲਫਾਨ ਅਤੇ ਕਾਰਬੋਫਰਾਨ, ਦੀ ਇਸ ਪੜਤਾਲ ਲਈ ਚੋਣ ਕੀਤੀ ਗਈ ਏ। ਇਸ ਪੜਤਾਲ ਲਈ ਵੱਡਸਿਰੀ-ਮਾਸ-ਮੱਖੀ (Chrysomya megacephala (Fab.)) ਦੀ ਪਰਖਵੇਂ ਜੀਵ-ਪਿੰਡ ਵੱਜੋਂ ਚੋਣ ਕੀਤੀ ਗਈ ਏ, ਜਿਹੜੀ ਸਰਬਵਿਆਪੀ ਏ ਤੇ ਜਿਹੜੀ ਭਾਰਤ ਵਿਚਲੀਆਂ ਅਪਰਾਧੀ ਜਾਂਚ ਮਹੱਤਾ ਵਾਲੀਆਂ ਪਹਿਲੀਆਂ ਮੱਖੀਆਂ ਵਿੱਚੋਂ ਏਂ। ਇਸ ਅਧਿਐਨ ਦਾ ਵਿਸ਼ਾ ਵੱਡਸਿਰੀ-ਮਾਸ-ਮੱਖੀ ਦੇ ਵਿਗਾਸ ਅਤੇ ਜੀਵਨ ਗੇੜ ‘ਤੇ ਕਾਰਬੋਫਰਾਨ, ਮਿਥਾਈਲ ਪੈਰਾਥਿਓਨ, ਐਂਡੋਸਲਫਾਨ ਦੇ ਅਸਰਾਂ ਦੀ ਪੜਤਾਲ ਏ। ਪਰਖਵੀ ਜੀਵਾਂ ਦੇ ਮਾਸ-ਪਿੰਡ ਵਿੱਚ ਮੌਤੋਂ ਪਹਿਲਾਂ ਦਾਖਲ ਕੀੜੇ-ਮਾਰਾਂ ਦੀ ਘਣਤਾ ਦੇ ਵੱਡਸਿਰੀ-ਮਾਸ-ਮੱਖੀਆਂ ਦੇ ਵਿਗਾਸ-ਕ੍ਰਮ ਦੀਆਂ ਸਭ ਅਵਸਥਾਵਾਂ ਵਿੱਚ ਘਣਤਾ ਨਾਲ ਅੰਤਰਸਬੰਧ ਦਾ ਪਤਾ ਲਾਉਣ ਲਈ ਵਧੀਕ ਪੜਤਾਲਾਂ ਵੀ ਕੀਤੀਆਂ ਗਈਆਂ ਨੇ। ਇੰਞ ਵੱਡਸਿਰੀਆਂ-ਮਾਸ-ਮੱਖੀਆਂ ਦੀਆਂ ਵਿਗਾਸ-ਕ੍ਰਮ ਅਵਸਥਾਵਾਂ ਦੀ (ਲਾਰਵਾ (ਸੁੰਡੀ) ਅਵਸਥਾ, ਪਿਊਪਾ (ਬਾਲਗ-ਪਹਿਲੀ) ਅਵਸਥਾ, ਤੇ ਬਾਲਗ ਅਵਸਥਾ ਨੂੰ ਵਿਸ ਵਿਗਿਆਨਵੀ ਪੜਤਾਲਾਂ ਲਈ ਨਮੂਨੇ ਵੱਜੋਂ ਲੈ ਕੇ) ਇਕਸਾਰਤਾ ਦਾ ਪਤਾ ਲਾਇਆ

ਗਿਆ ਏ। ਇਸ ਖੋਜ ਕਾਰਜ ਦੀਆਂ ਲੱਭਤਾਂ ਇਹ ਦੱਸਦੀਆਂ ਨੇ ਪਈ ਮਿਥਾਈਲ ਪੈਰਾਥਿਓਨ, ਐਂਡੋਸਲਫਾਨ ਕਾਰਬੋਫਰਾਨ ਨਾਲ ਵੱਡਸਿਰੀ-ਮਾਸ-ਮੱਖੀਆਂ ਦੇ ਆਮ ਵਿਗਾਸ-ਕ੍ਰਮ ਦੇ ਰੂਪਾਂ ਵਿੱਚ ਵੱਡੇ ਵਿਗਾੜ ਪੈਦਾ ਹੁੰਦੇ ਨੇ। ਸਿੱਟਿਆਂ ਤੋਂ ਇਹ ਸਾਫ ਹੁੰਦਾ ਏ ਪਈ ਜੇ ਪਤਾ ਨਾ ਲਾਇਆ ਜਾਵੇ ਤਾਂ ਮੁਰਦਾਰ-ਭਾਖੀ ਕੀੜਿਆਂ ਦੀ ਭਰਮਾਰ ਵਾਲੀ ਮਰੀ ਦੇਹ ਵਿੱਚ ਇਹਨਾਂ ਕੀੜੇ-ਮਾਰਾਂ ਦੀ ਮੌਜੂਦਗੀ ਦਾ ਸਿੱਟਾ ਪੀਐਮਆਈ-ਮਿਨ ਦੇ ਵੱਧ ਅਨੁਮਾਨ ਵਿੱਚ ਨਿਕਲ ਸੱਕਦਾ ਏ। ਜੇ ਅਨੁਮਾਨ ਲਾਰਵਾ (ਸੁੰਡੀ) ਵਿਗਾਸ ਦਰ ਜਾਂ ਲਾਰਵੀ (ਸੁੰਡੀ) ਤੇ ਪਿਊਪਾਈ (ਬਾਲਗ-ਪਹਿਲੀ) ਅਵਸਥਾਵਾਂ ਦੇ ਚਿਰ-ਮਾਪ ‘ਤੇ ਟਿਕਿਆ ਹੋਵੇ ਤਾਂ ਇਹਨਾਂ ਅਵਸਥਾਵਾਂ ਸਮੇਂ ਵਿਗਾਸ ਰੋਕ ਕਰਕੇ ਅਨੁਮਾਨ ਅਸਲ ਅੰਤਰਾਲ ਨਾਲੋਂ ਘੱਟ ਹੋਵੇਗਾ। ਚੂਹਿਆਂ ਦੇ ਮਾਸ-ਖੰਡ ਵਿੱਚ ਤੇ ਵੱਡਸਿਰੀਆਂ-ਮਾਸ-ਮੱਖੀਆਂ ਦੀਆਂ ਅਣਪੂਰੀਆਂ ਅਵਸਥਾਵਾਂ ਵਿੱਚ ਮਿਲਦੇ ਤੇ ਦਾਖਲ ਕੀਤੇ ਗਏ ਕੀੜੇ-ਮਾਰਾਂ ਦੀ ਘਣਤਾ ਵਿੱਚ ਉੱਚ-ਦਰ ਵਾਲਾ ਨੇੜ ਵੀ ਵੇਖਿਆ ਗਿਆ ਏ। ਸਮੁੱਚੇ ਤੌਰ ‘ਤੇ ਇਸ ਖੋਜ ਦੇ ਸਿੱਟੇ ਮੁੜ ਦੱਸਦੇ ਨੇ ਪਈ ਮਰੀ ਦੇਹ ਨੂੰ ਖਾਣ ਵਾਲੀ ਮਾਸ-ਮੱਖੀ ਦੇ ਲਾਰਵੇ (ਦੀ ਸੁੰਡੀ) ਤੇ ਇਸ ਚੋਂ ਵਿਗਾਸ ਕਰਨ ਵਾਲੇ ਪਿਊਪੇ (ਬਾਲਗੋਂ-ਪਹਿਲੇ) ਤੋਂ ਪ੍ਰਾਪਤ ਕੀਤੇ ਪੱਧਰਾਂ ਤੋਂ ਕਿਸੇ ਵਿਅਕਤੀ ਵੱਲੋਂ ਮੌਤੋਂ-ਪਹਿਲਾਂ ਵਰਤੇ ਵਿੱਸ ਪਦਾਰਥ ਦੀ ਮਾਤਰਾ ਤੈਅ ਕਰਨੀ ਸੰਭਵ ਏ। ਇੰਞ ਵੱਡਸਿਰੀ-ਮਾਸ-ਮੱਖੀ ਦੀਆਂ ਅਣਪੂਰੀਆਂ ਅਵਸਥਾਵਾਂ ਇਹਨਾਂ ਕੀੜੇ-ਮਾਰਾਂ ਦੀ ਵਿਸ ਵਿਗਿਆਨਵੀ ਪੜਤਾਲ ਲਈ ਭਰੋਸੇਯੋਗ ਬਦਲਵੇਂ ਨਮੂਨੇ ਸਾਬਤ ਹੁੰਦੀਆਂ ਨੇ।”

ਉਲਥੇ ਦੀ ਭਾਖਾ ਦੀਆਂ ਕੁਝ ਬੰਦਸ਼ਾਂ ਨਾ ਹੋਣ ਤਾਂ ਇਸ ਪੈਰ੍ਹੇ ਦੀ ਸਾਰੀ ਗੱਲ ਹੋਰ ਵੀ ਸੌਖੀ ਭਾਖਾ ਵਿੱਚ ਦੱਸੀ ਜਾ ਸੱਕਦੀ ਏ। ਪੰਜਾਬੀ ਉਲਥੇ ਲਈ ਮੂਲ ਅੰਗਰੇਜੀ ਪੈਰਾ ਇਹ ਵੇ:

“An emerging field in Forensic Entomology is Entomotoxicology which deals with the qualitative and/or quantitative determination of toxic substances (e.g. drugs, environmental pollutants, pesticides and other poisons) in insects feeding on human remains. The qualitative determination of toxic substances and drugs can augment information on both the cause of death and the geographical area where the cadaver had been lying. The xenobiotics present in decomposing tissues might alter the development rate or the succession of the insects on the cadaver, so, their qualitative determination can provide a more accurate calculation of $PMI_{min}$ (minimum Postmortem Interval). Because chemicals may affect an insect’s growth and development. Laboratory experiments aimed at determining what these effects are and how they may change the determination of $PMI_{min}$ have been specifically designed and conducted globally. However, entomotoxicological data from India is virtually nonexistent. Globally, the majority of past research pertains to pharmaceuticals and illicit drugs and environmental pollutants like heavy metals. Few published studies exist regarding the effect of organophosphates, however, there are no reported results of entomotoxicological investigations evaluating some other classes of pesticides like Organochlorines and Carbamates. Hence, three pesticides *viz*. Methyl parathion, Endosulfan and Carbofuran representing the three different classes of synthetic organic pesticides were chosen for the present study. The experimental organism selected for the present study is the blow fly *Chrysomya megacephala* (Fab.) which is ubiquitous and one of the dominant flies of forensic importance in India. The present work was carried out to study the effect of Carbofuran, Methyl parathion and Endosulfan on the patterns of development and life cycle of *C. megacephala*. Additional investigations were carried out to scrutinize the correlation between concentrations of these antemortem administered pesticides in the tissues of the experimental animal with their concentration in all the stages of development of *C. megacephala*, thus gauging the consistency of the developmental stages of *C. megacephala* including larval stages, pupae, puparial cases and adults as samples for toxicological investigations. These findings establish the fact that there are major aberrations produced by Methyl parathion, Endosulfan and Carbofuran on the normal developmental pattern of *C. megacephala*. It is evident from the results that if undetected, the presence of these pesticides in a corpse colonized by necrophagous insects can lead to $PMI_{min}$ overestimation. If based on larval growth rates or duration of larval and pupal stages, the estimate would be shorter than the actual interval because of retardation of development during these stages. Furthermore, the concentrations of pesticides administered and found in rat tissues and immature stages of *C. megacephala* were highly correlated. The overall findings of this research reiterate that it is possible to determine the dose of toxicant a person might have consumed antemortem, from the levels recovered from blow fly larvae feeding on the body and the pupae that develop from them. Thus, immature stages of *C. megacephala* have proven to be reliable alternative specimens for toxicological investigations involving these pesticides.”

ਇਸ ਪ੍ਰਸੰਗ ਵਿੱਚ ਵਿਗਿਆਨ ਦੇ ਇੱਕ ਅਧਿਆਪਕ ਦਾ ਤਜਰਬਾ ਅੱਖਾਂ ਖੋਲ੍ਹਣ ਵਾਲਾ ਏ।

### ੧.੪.੨. ਵਿਗਿਆਨ ਦੇ ਅਧਿਆਪਕ ਵਰੁਣ ਕੁਮਾਰ ਦਾ ਅੱਖਾਂ ਖੋਲ੍ਹਣ ਵਾਲਾ ਸੁਨੇਹਾ

“ਮੈਂ ਇੱਕ ਸਰਕਾਰੀ ਸਕੂਲ ‘ਚ ਲੁਧਿਆਣੇ ਇੱਕ ਟਿਊਟਰ ਵੱਜੋਂ ਬੱਚਿਆਂ ਨੂੰ ਭੌਤਿਕ ਵਿਗਿਆਨ (ਫਿਜਿਕਸ) ਪੜ੍ਹਾਉਂਦਾ ਹਾਂ ਤੇ ਆਪਣੇ ਕੋਚਿੰਗ ਸੈਂਟਰ ‘ਤੇ ਐਮ.ਐਸ-ਸੀ ਮੈਥ ਦੇ ਬੱਚਿਆਂ ਨੂੰ ਪੜ੍ਹਾਉਂਦਾ ਹਾਂ। ਮੇਰੇ ਕੋਲ ਜੋ ਬੱਚੇ ਪੜ੍ਹਦੇ ਨੇ, ਪਹਿਲਾਂ ਵੀ ਉਹ ਸਰਕਾਰੀ ਸਕੂਲ ਤੋਂ ਆਏ ਹੁੰਦੇ ਨੇ ਤੇ

ਅੰਗਰੇਜੀ ਘੱਟ ਆਉਣ ਕਰਕੇ ਉਹ ਆਪਣੇ ਆਪ ਨੂੰ ਨਲਾਇਕ ਸਮਝਣ ਲੱਗ ਜਾਂਦੇ ਸੀ। ਪਰ ਮੈਂ ਤੁਹਾਡਾ ਲੈਕਚਰ ਕੁਝ ਸਾਲ ਪਹਿਲਾਂ ਪੱਖੋਵਾਲ ਪਿੰਡ ਦੇ ਸਕੂਲ ਪਹੁੰਚ ਕੇ ਲਾਇਆ ਸੀ ਤੇ ਉਸ ਦਿਨ ਤੋਂ ਬਾਅਦ ਮੇਰਾ ਪੜ੍ਹਾਉਣ ਦਾ ਤਰੀਕਾ ਬਦਲ ਗਿਆ। ਮੈਂ ਬੱਚਿਆਂ ਨੂੰ ਦੱਸਦਾ ਹਾਂ ਕਿ ਅੰਗਰੇਜੀ ਕੋਈ ਵਿਦਵਾਨ ਹੋਣ ਦਾ ਇਕੱਲਾ ਸਾਧਨ ਨਹੀਂ ਸਗੋਂ ਇਸ ਤੋਂ ਬਿਨਾਂ ਵੀ ਦੁਨੀਆਂ ਦੇ ਹਰ ਵਿਗਿਆਨ ਨੂੰ ਸਿੱਖਿਆ ਜਾ ਸੱਕਦਾ ਏ। ਮੇਰੇ ਬੱਚੇ ਪੰਜਾਬੀ ਵਿੱਚ ਭੌਤਿਕ ਵਿਗਿਆਨ ਦੇ ਕੋਈ ਵੀ ਵਿਸ਼ੇ 'ਤੇ ਬਹੁਤ ਕੁਝ ਦੱਸ ਸੱਕਦੇ ਨੇ ਤੇ ਮੈਨੂੰ ਖੁਸ਼ੀ ਏ ਕਿ ਮੈਂ ਵਧੀਆ ਵਿਗਿਆਨੀ ਤੇ ਵਧੀਆ ਡਾਕਟਰ ਬਣਾ ਰਿਹਾ ਹਾਂ। ਅੰਗਰੇਜੀ ਬੋਲਣ ਦੀ ਰੇਸ 'ਚ ਲੱਗੇ ਹੋਏ ਇਨਸਾਨ ਨਹੀਂ ਹੋਣਗੇ ਮੇਰੇ ਵਿਦਿਆਰਥੀ। ਮਾਤ ਭਾਸ਼ਾ ਵਿੱਚ ਵਿਗਿਆਨ ਪੜ੍ਹਾਉਣ ਨਾਲ ਮੈਂ ਖੁਦ ਨੂੰ ਅਸਲੀ ਜਿਹਾ ਮਹਿਸੂਸ ਕਰਨ ਲੱਗਾ ਹਾਂ।

ਮੈਂ ਟੋਪੋਲੋਜੀ ਅਤੇ ਫੀਲਡ ਥਿਓਰੀ ਵੀ ਪੰਜਾਬੀ 'ਚ ਪੜ੍ਹਾਉਂਦਾ ਹਾਂ ਤੇ ਆਪ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਮੇਰੇ ਹੀ ਐਮ.ਐਸ-ਸੀ ਦੇ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਦੇ ਟਾਪਰ ਵੀ ਰਹੇ ਨੇ, ੨੦੧੨, ੨੦੧੩ ਤੇ ੨੦੧੪ ਵਿੱਚ ਲਗਾਤਾਰ, ਕਿਉਂਕਿ ਟੋਪੋਲੋਜੀ ਨੂੰ ਪੰਜਾਬੀ 'ਚ ਪੜ੍ਹਨ ਵਾਲੇ ਬੱਚੇ ਹੀ ਉਸਨੂੰ ਸਮਝ ਪਾਂਦੇ ਨੇ। ਜੋਗਾ ਜੀ, ਮੈਂ ਕਾਨਵੈਂਟ ਦੇ ਬੱਚਿਆਂ ਨੂੰ ਵੀ ਭੌਤਿਕ ਵਿਗਿਆਨ ਪੜ੍ਹਾਇਆ ਏ। ਸੱਚੀ ਏਨਾ ਬੁਰਾ ਹਾਲ ਮੈਂ ਕਦੇ ਨਹੀਂ ਦੇਖਿਆ ਬੱਚਿਆਂ ਦਾ। ਉਹਨਾਂ ਨੂੰ ਭੌਤਿਕ ਵਿਗਿਆਨ ਤਾਂ ਕੀ ਆਉਣਾ, ਅੰਗਰੇਜੀ ਮਾਧਿਅਮ ਵਾਲਿਆਂ ਨੂੰ ਅੰਗਰੇਜੀ ਵੀ ਸਾਡੇ ਤੋਂ ਵਧੀਆ ਨਹੀਂ ਆਉਂਦੀ, ਜਦ ਕਿ ਮੈਂ ਪੰਜਾਬੀ ਮਾਧਿਅਮ 'ਚ ਹੀ ਦਸਵੀਂ ਤੱਕ ਪੜ੍ਹਿਆ ਸੀ ਆਪ। ਮੈਂ ਆਪ ਦੀ ਇਸ ਲੜਾਈ 'ਚ ਤੁਹਾਡਾ ਸੱਚਾ ਸਾਥੀ ਬਣਾਂਗਾ। ਪੰਜਾਬੀ 'ਚ ਹਰ ਇੱਕ ਵਿਗਿਆਨ ਨੂੰ ਪੜ੍ਹਾਉਣ ਤੇ ਸਮਝਾਉਣ ਦੇ ਲੇਖੇ ਹੀ ਲਾਵਾਂਗਾ ਆਪਣੀ ਜਿੰਦਗੀ। ਮੈਂ ਛੋਟੇ-ਛੋਟੇ ਬੱਚਿਆਂ ਨੂੰ ਜਦੋਂ ਅੰਗਰੇਜੀ ਮਾਧਿਅਮ ਸਕੂਲ ਦੀ ਬੱਸ 'ਚ ਜਾਂਦਾ ਦੇਖਦਾ ਹਾਂ ਤਾਂ ਮੇਰੀ ਆਤਮਾ ਕੰਬ ਜਾਂਦੀ ਏ। ਮੈਨੂੰ ਇਹ ਤੇ ਪਤਾ ਸੀ ਕਿ ਕੁਝ ਗਲਤ ਹੋ ਰਿਹਾ ਏ ਪਰ ਮੈਨੂੰ ਸਹੀ ਦਿਸ਼ਾ ਆਪ ਜੀ ਦੇ ਉਸ ਲੈਕਚਰ ਤੋਂ ਮਿਲੀ ਸੀ ਜਦੋਂ ਮੈਂ ਪੱਖੋਵਾਲ ਪਿੰਡ ਦੇ ਇੱਕ ਸਕੂਲ ਵਿੱਚ ਤੁਹਾਨੂੰ ਸੁਣਿਆ ਸੀ। ਉਸ ਦਿਨ ਨੂੰ ਮੈਂ ਕਦੇ ਨਹੀਂ ਭੁੱਲ ਸੱਕਦਾ। ਉਸ ਦਿਨ ਹੀ ਮੇਰੇ ਅਧਿਆਪਨ ਨੂੰ ਇੱਕ ਨਵੀਂ ਦਿਸ਼ਾ ਤੇ ਇੱਕ ਨਵਾਂ ਮਕਸਦ ਮਿਲਿਆ ਸੀ। ਤੁਸੀਂ ਆਪਣੇ ਮਕਸਦ ਵਿੱਚ ਜਰੂਰ ਕਾਮਯਾਬ ਹੋਵੋਗੇ, ਜੋਗਾ ਜੀ, ਕਿਉਂਕਿ ਤੁਸੀਂ ਮਨੁੱਖ ਨੂੰ ਮਨੁੱਖ ਹੋਣਾ ਸਿਖਾ ਰਹੇ ਹੋ। ਉਸਨੂੰ ਉਸ ਦੀ ਮਾਤ ਭਾਸ਼ਾ ਦੇ ਕੇ ਇੱਕ ਅਨਾਥ ਵਾਂਗੂ ਜੀਣ ਤੋਂ ਬਚਾ ਰਹੇ ਹੋ। ਇਹ ਕਾਨਵੈਂਟ ਤੇ ਅੰਗਰੇਜੀ ਮਾਧਿਅਮ ਸਕੂਲਾਂ ਦੇ ਬੱਚਿਆਂ ਨਾਲ ਵੀ ਮੇਰੀਆਂ ਭਾਵਨਾਵਾਂ ਜੁੜੀਆਂ ਨੇ ਜੋਗਾ ਜੀ, ਕਿ ਇਹਨਾਂ ਬੱਚਿਆਂ ਨੂੰ ਬਚਾ ਲਈਏ ਆਪਾਂ।"

ਇੱਕ ਹੋਰ ਮਿੱਥਿਆ ਧਾਰਣਾ ਜੋ ਅੰਗਰੇਜੀ ਛੂਤ ਰੋਗ ਦਾ ਕਾਰਣ ਬਣੀ ਹੋਈ ਏ ਇਹ ਵੇ ਪਈ ਅੰਗਰੇਜੀ ਦੀ ਜਾਣਕਾਰੀ ਨਾਲ ਕਿਸੇ ਲਈ ਦੁਨੀਆਂ ਭਰ ਦੇ ਬੂਹੇ ਖੁਲ੍ਹ ਜਾਂਦੇ ਨੇ। ਇਸ ਲਈ, ਦੁਨੀਆਂ ਭਰ ਵਿੱਚ ਇਸ ਮੁਹਾਜ 'ਤੇ ਕੀ ਹੋ ਰਿਹਾ ਏ ਇਹ ਜਾਣਨਾ ਵੀ ਜ਼ਰੂਰੀ ਏ।

### ੧.੪.੩. "ਇਹ ਭਰਮ ਪਈ ਪਰਦੇਸੀ ਭਾਖਾ ਭੂਮੰਡਲੀ ਭਾਖਾ ਏ

"ਆਮ ਤੌਰ 'ਤੇ ਪਰਦੇਸੀ ਭਾਖਾ ਨੂੰ ਅਗਲੇਰੀ ਪੜ੍ਹਾਈ, ਕੰਮ, ਤੇ ਮੌਕਿਆਂ ਲਈ ਜਰੂਰੀ ਸਮਝਿਆ ਜਾਂਦਾ ਏ ਪਰ ਜਿਵੇਂ ਫਿਲੀਪਸੋਨ (Phillipson, ੧੯੯੨) ਆਂਹਦੇ ਨੇ ਪਈ ਇਹ ਕਿਸੇ ਰਾਜਸੀ ਖਲਾਅ ਵਿੱਚ ਨਹੀਂ ਵਾਪਰਿਆ ਬਲਕਿ ਤਾਕਤਵਰ ਦੇਸਾਂ ਤੇ ਜੁੱਟਾਂ ਵੱਲੋਂ ਆਪਣੀਆਂ ਭਾਖਾਵਾਂ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਸੋਚੇ-ਸਮਝੇ ਜਤਨਾਂ ਕਰਕੇ ਹੋਇਆ ਏ। ਇਹ ਵੀ ਧਿਆਨ ਦੇਣ ਵਾਲੀ ਗੱਲ ਏ ਪਈ ਘੱਟ ਆਮਦਨ ਵਾਲੇ ਦੇਸਾਂ ਦੇ ਅਣਰਸਮੀ ਖੇਤਰਾਂ ਵਿੱਚ ੫੦ ਫੀਸਦ ਲੋਕ ਲੱਗੇ ਹੋਏ ਨੇ ਤੇ ਇਹ ਅਨੁਪਾਤ ਵਧਦਾ ਪਿਆ ਏ, ਤੇ ਇਸ ਅਬਾਦੀ ਦੀ ਸਿੱਖਿਆ ਪ੍ਰਾਇਮਰੀ ਪੱਧਰ 'ਤੇ ਈ ਖਤਮ ਹੋ ਜਾਂਦੀ ਏ। ਇਸ ਵੱਡੇ ਬਹੁਮਤ ਨੇ ਭੂਮੰਡਲੀ ਮੰਡੀ ਦਾ ਹਿੱਸਾ ਨਹੀਂ ਬਣਨਾ ਤੇ ਇਹਨਾਂ ਲਈ ਪਰਦੇਸੀ ਭਾਖਾ ਦੇ ਕੋਈ ਮਾਅਨੇ ਨਹੀਂ।(Bruthiaux, ੨੦੦੨)" @(Carol Benson, ੨੦੦੫)

ਇਥੇ ਇਹ ਗੱਲ ਵੀ ਵਿਚਾਰਨ ਵਾਲੀ ਏ ਪਈ ਕਿੰਨੇ ਕੁ ਭਾਰਤੀ ਨੇ ਜਿਨ੍ਹਾਂ ਨੂੰ ਅੰਗਰੇਜੀ ਭਾਖੀ ਦੇਸਾਂ ਵਿੱਚ ਜਾਣਾ ਪੈਂਦਾ ਏ। ਇਹਨਾਂ ਚਾਰ ਕੁ ਬੰਦਿਆਂ ਵਾਸਤੇ ਦੇਸ ਦੀ ਪੂਰੀ ਅਬਾਦੀ ਦੇ ਗਲ ਅੰਗਰੇਜੀ ਦਾ ਫਾਹ ਪਾਇਆ ਹੋਇਆ ਏ; ਤੇ ਇਹਨਾਂ ਚਾਰ ਕੁ ਬੰਦਿਆਂ ਚੋਂ ਭਾਰਤ ਮਾਂ ਦੀ ਸੇਵਾ ਵੀ ਕਿਸੇ ਨੇ ਸ਼ਾਇਦ ਹੀ ਆ ਕੇ ਕਰਨੀ ਹੋਵੇ। ਇਸ ਤੋਂ ਵੱਧ ਮੂਰਖਤਾਈ ਵਾਲੀ, ਬਲਕਿ ਬੇਸ਼ਰਮੀ ਵਾਲੀ, ਗੱਲ ਕੀ ਹੋ ਸੱਕਦੀ ਏ ਪਈ ਭਾਰਤ ਦੇ ਕਰੋੜਾਂ ਧੀਆਂ-ਪੁੱਤਰਾਂ ਨੂੰ ਦਸਵੀਂ ਪਾਸ ਦਾ ਸਾਟੀਫਿਟਕ ਇਸ ਕਰਕੇ ਨਹੀਂ ਮਿਲਿਆ ਕਿਉਂਕਿ ਉਹ ਅੰਗਰੇਜੀ ਦਾ ਪਰਚਾ ਪਾਸ ਨਹੀਂ ਕਰ ਸੱਕੇ? ਇਹਨਾਂ ਵਿੱਚੋਂ ਸ਼ਾਇਦ ਈ ਕਿਸੇ ਨੇ ਕਦੀ ਆਪਣੇ ਜਿਲ੍ਹੇ ਤੋਂ ਵੀ ਬਾਹਰ ਜਾਣਾ ਹੋਵੇ। ਪੰਜਾਬ ਚੋਂ ਚਾਰ ਕੁ ਟੋਟਰੂ ਅੰਗਰੇਜੀ ਭਾਖੀ ਦੇਸਾਂ ਵਿੱਚ ਜਾਂਦੇ ਨੇ ਪਰ ਸਾਰੇ ਪੰਜਾਬ ਦੇ ਗਲ ਅੰਗਰੇਜੀ ਫਾਹ ਪਿਆ ਏ। ਪੰਜਾਬ ਚੋਂ ਹਰ ਰੋਜ ਹਜਾਰਾਂ ਟਰੱਕ ਕਲਕੱਤੇ ਵੱਲ ਟੁਰਦੇ ਨੇ ਪਰ ਭਾਰਤੀ ਨੀਤੀਕਾਰ ਕਿਸੇ ਪੰਜਾਬੀ ਨੂੰ ਬੰਗਾਲੀ ਜਾਂ ਮੈਥਿਲੀ ਪੜ੍ਹਾਉਣ ਦੀ ਲੋੜ ਮਹਿਸੂਸ ਨਹੀਂ ਕਰਦੇ। ਮੈਂ ਬਹੁਤ ਪਹਿਲਾਂ ਆਪਣੇ ਇੱਕ ਵਿਅੰਗ ਲੇਖ ਵਿੱਚ ਲਿਖਿਆ ਸੀ, 'ਦੇਸ ਬਨਾਂ ਅੰਗਰੇਜੀ ਚਿੜੀਆ, ਅਕਲਾਂ ਹੱਦਾਂ ਬੰਨੇ ਟੱਪੇ'। ਜੇ ਮੈਂ ਉਹ ਲੇਖ ਅੱਜ ਲਿਖਦਾ ਤਾਂ ਲਿਖਦਾ, 'ਦੇਸ ਬਨਾਂ ਅੰਗਰੇਜੀ ਉੱਲੂ, ਅਕਲਾਂ ਪੀਤੀਆਂ ਸ਼ਰਮਾਂ ਘੋਲ'।

### ੧.੪.੪. ਅੰਗਰੇਜੀ ਤੇ ਕੌਮਾਂਤਰੀ ਕਾਰੋਬਾਰ ਬਾਰੇ ਭਰਮ

ਇਹ ਵੀ ਭਰਮ ਏਂ ਪਈ ਅੰਗਰੇਜੀ ਭਾਖਾ ਦੀ ਜਾਣਕਾਰੀ ਕੌਮਾਂਤਰੀ ਕਾਰੋਬਾਰ ਵਿੱਚ ਕੋਈ ਵਾਧਾ ਕਰ ਸੱਕਦੀ ਏ। ਸਤਾਰ੍ਹਵੀਂ ਸਦੀ ਵਿੱਚ (ਜਦੋਂ ਕੋਈ ਇੱਕ-ਅੱਧਾ ਭਾਰਤੀਓ ਈ ਅੰਗਰਜੀ ਜਾਣਦਾ ਹੋਵੇਗਾ) ਦੁਨੀਆ ਦੀ ਪੈਦਾਵਾਰ ਵਿੱਚ ਭਾਰਤ ਦਾ ਹਿੱਸਾ ੨੨ (ਬਾਈ) ਫੀਸਦੀ ਸੀ ਜੋ ਹੁਣ ਸਿਰਫ ੨.੫ (ਢਾਈ) ਫੀਸਦੀ ਏ। ੧੯੫੦ ਵਿੱਚ ਦੁਨੀਆਂ ਦੇ ਵਪਾਰ ਵਿੱਚ ਭਾਰਤ ਦਾ ਹਿੱਸਾ ੧.੭੮ ਫੀਸਦੀ ਸੀ ਜੋ ੧੯੯੫ ਵਿੱਚ ਮਾਤਰ ੦.੬ ਫੀਸਦੀ ਰਹਿ ਗਿਆ (ਮਤਬਲ ਇੱਕ ਫੀਸਦੀ ਤੋਂ ਵੀ ਘੱਟ)। ਇਹਨਾਂ ਸਾਰੇ ਸਾਲਾਂ ਵਿੱਚ ਸਾਡੀ ਲਗਭਗ ਸਾਰੀ ਉਚੇਰੀ ਸਿੱਖਿਆ ਅੰਗਰੇਜੀ ਵਿੱਚ ਹੀ ਹੁੰਦੀ ਆਈ ਏ। ੫ ਕਰੋੜ ਅਬਾਦੀ (ਸਾਡੇ ਤੋਂ ਪੰਝੀ ਗੁਣਾ ਘੱਟ) ਵਾਲਾ ਦੇਸ ਕੋਰੀਆ ਆਪਣੇ ਬੱਚਿਆਂ ਨੂੰ ਆਪਣੀ ਭਾਖਾ ਵਿੱਚ ਪੜ੍ਹਾਉਂਦਾ ਏ ਪਰ ਦੁਨੀਆਂ ਦੇ ਵਪਾਰ ਵਿੱਚ ਉਹਦੀ ਥਾਂ ਸਾਡੇ ਤੋਂ ਕੋਈ ੧੫ ਦਰਜੇ ਉੱਤੇ ਵੇ, ਉਹ ਵੀ ਕੁੱਲ ਵਪਾਰ ਵਿੱਚ। ਪ੍ਰਤਿ ਵਿਅਕਤੀ ਬਰਾਮਦ ਵਿੱਚ ਭਾਰਤ ਦਾ ਦਰਜਾ ੧੫੦ਵਾਂ ਏਂ। ਮਾਂ ਬੋਲੀ ਵਿੱਚ ਪੜ੍ਹਾਉਣ ਵਾਲੇ ਚੀਨ ਨਾਲ ਦੇਸੀ ਅੰਗਰੇਜ ਭਾਰਤ ਨੂੰ ੨੦੨੧ ਵਿੱਚ ਵਪਾਰ ਵਿੱਚ ਕੋਈ ਸਵਾ ਪੰਜ ਲੱਖ ਕਰੋੜ ਰੁਪਈਆਂ ਦਾ ਘਾਟਾ ਪਿਆ ਏ (ਮਤਲਬ ਪੰਜਾਬ ਦੇ ਤਿੰਨ ਸਾਲਾਂ ਦੇ ਬਜਟ ਜਿੰਨਾ); ਤੇ ਕਈ ਸਾਲਾਂ ਤੋਂ ਲਗਭਗ ਇੰਞੇ ਈ ਚੱਲਦਾ ਪਿਆ ਏ।

ਸੋ, ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਪਈ ਭਾਰਤੀ ਨੀਤੀਕਾਰਾਂ ਦੀ ਅੰਗਰੇਜੀ ਦੀ ਸਵਾਰੀ 'ਕਾਣੀ ਘੋੜੀ ਅੰਨ੍ਹਾ ਸਵਾਰ' ਦੀ ਬੜੀ ਸੁਹਣੀ ਬਾਲ-ਕਹਾਣੀ ਏਂ। ਦੁੱਖ ਦੀ ਗੱਲ ਇਹ ਵੇ ਪਈ ਇਹ ਕਹਾਣੀ ਸਿੱਖਿਆ ਜਾਂ ਮਨੋਰੰਜਨ ਨਹੀਂ ਕਰਦਾ ਬਲਕਿ ਤਬਾਹੀ ਕਰਦੀ ਪਈ ਏ।

## ੧.੫. ਅਜੋਕੇ ਕੌਮਾਂਤਰੀ ਭਾਖਾਈ ਰੁਝਾਨ

ਇਸ ਵੇਲੇ ਦੁਨੀਆਂ ਵਿੱਚ ਦੋ ਭਾਖਾਈ ਰੁਝਾਨ ਸਾਫ ਦਿੱਸਦੇ ਨੇ: ਇੱਕ ਤਾਂ ਅੰਗਰੇਜੀ ਭਾਖਾ ਦਾ ਘਟਦਾ ਪਿਆ ਦਬਦਬਾ ਤੇ ਦੂਜੇ ਅਣ-ਅੰਗਰੇਜੀ ਭਾਖਾਵਾਂ ਦੀ ਹਰ ਖੇਤਰ ਵਿੱਚ ਵਧਦੀ ਪਈ ਮਹੱਤਾ। ਆਪਾਂ ਪਹਿਲਾਂ ਈ ਵੇਖ ਆਏ ਆਂ ਪਈ ਜਿਨ੍ਹਾਂ ਅਣ-ਅੰਗਰੇਜੀ ਭਾਖੀ ਦੇਸ਼ਾਂ ਵਿੱਚ ਵੀ (ਮਹਾਨ ਇੰਡੀਆ ਤੇ ਇਹਦੇ ਪੁਰਾਣੇ ਭਰਾ ਤੇ ਅੱਜ ਦੇ ਪੱਕੇ ਭੁਗੋਲੀ ਤੇ ਦਿਮਾਗੀ ਗੁਆਂਢੀ ਪਾਕਿਸਤਾਨ ਵਰਗਿਆਂ ਨੂੰ ਛੱਡ ਕੇ) ਪਾਠਸਾਲ ਸਿੱਖਿਆ ਅੰਗਰੇਜੀ ਭਾਖਾ ਰਾਹੀਂ ਦਿੱਤੀ ਜਾਂਦੀ ਸੀ ਓਥੇ ਜਾਂ ਤਾਂ ਇਹ ਖਤਮ ਹੋ ਗਈ ਏ ਜਾਂ ਦਿਨੋਂ-ਦਿਨ ਖਤਮ ਹੁੰਦੀ ਪਈ ਏ। ਦੂਜੇ ਖੇਤਰਾਂ ਵਿੱਚ ਵੀ ਇੰਞੇ ਈ ਹੁੰਦਾ ਪਿਆ ਏ।

੨੦੦੦ ਦੇ ਨੇੜੇ-ਤੇੜੇ ਅੰਤਰਜਾਲ (ਇੰਟਰਨੈੱਟ) ਤੇ ੮੦ ਫੀਸਦੀ ਤੋਂ ਵੱਧ ਜਾਣਕਾਰੀ ਅੰਗਰੇਜੀ ਵਿੱਚ ਹੁੰਦੀ ਸੀ। ਹੁਣ ਇਹ ੩੫ ਤੋਂ ਵੀ ਘੱਟ ਏ ਤੇ ਹੁਣ ਅੰਤਰਜਾਲ ਤੇ ਸੈਂਕੜੇ ਭਾਖਾਵਾਂ ਵਿੱਚ ਜਾਣਕਾਰੀ ਹਾਸਿਲ ਏ।

ਭਾਰਤ ਦੀ ਗੱਲ ਕਰੀਏ ਤਾਂ ਮਾਈਕਰੋਸੌਫਟ ਕੰਪਨੀ ਅਨੁਸਾਰ ਭਾਰਤ ਦਾ ੯੫ ਫੀਸਦੀ ਵਪਾਰ ਅਣ-ਅੰਗਰੇਜੀ ਭਾਖਾਵਾਂ ਰਾਹੀਂ ਹੁੰਦਾ ਏ ਤੇ ਬੱਸ ੫ ਫੀਸਦੀ ਅੰਗਰੇਜੀ ਰਾਹੀਂ।

ਦੁਨੀਆਂ ਦੀ ਅੱਜ ਇਹ ਹਾਲਤ ਏ ਪਈ ਜੇ ਕਿਸੇ ਨੂੰ ਸਿਰਫ ਅੰਗਰੇਜੀ ਭਾਖਾ ਆਉਂਦੀ ਹੋਵੇ ਤੇ ਦੂਜੀ ਕੋਈ ਭਾਖਾ ਨਾ ਆਉਂਦੀ ਹੋਵੇ ਤਾਂ ਕੋਈ ਵੀ ਕੰਪਨੀ ਉਹਨੂੰ ਸਭ ਤੋਂ ਬਾਅਦ ਵਿੱਚ ਨੌਕਰੀ ਦੇਵੇਗੀ। ਪਿੱਛੇ ਜਿਹੇ ਪ੍ਰਸਿੱਧ ਅੰਗਰੇਜੀ ਰਸਾਲੇ 'ਦ ਇਕਾਨਾਮਿਸਟ' ਵਿੱਚ ਇੱਕ ਲੇਖ ਆਇਆ ਸੀ ਜਿਸ ਵਿੱਚ ਲਿਖਿਆ ਸੀ ਪਈ ਬਰਤਾਨੀਆਂ (ਇੰਗਲੈਂਡ) ਵੱਡੇ ਘਾਟੇ ਦੀ ਹਾਲਤ ਵਿੱਚ ਏ ਕਿਉਂਕਿ ਇੰਗਲੈਂਡ ਵਾਸੀਆਂ ਨੂੰ ਸਿਰਫ ਅੰਗਰੇਜੀ ਆਉਂਦੀ ਏ। ਹੇਠਲੀਆਂ ਟੂਕਾਂ ਇਸ ਗੱਲ ਦਾ ਸਬੂਤ ਨੇ ਪਈ ਦੁਨੀਆਂ ਦੀ ਭਾਖਾਈ ਮੁਹਾਰ ਕਿਧਰ ਨੂੰ ਏਂ:

''ਅੱਜ ਦੇ ਕੰਮਕਾਰਾਂ ਨੂੰ ਅੰਗਰੇਜੀ ਤੋਂ ਇਲਾਵਾ ਦੂਜੀਆਂ ਭਾਖਾਵਾਂ ਵਿੱਚ ਬੋਲਣ ਤੇ ਲਿਖਣ ਦੀ ਸੰਚਾਰ ਸਮਰੱਥਾ ਦੀ ਲੋੜ ਏ।" @(Stephanie Bell Rose, The Goldman Sachs Foundation; Vishakha Desai, The Asia Society www)

''ਜਿਵੇਂ-ਜਿਵੇਂ ਦੂਜੇ ਦੇਸ ਪਰਦੇਸੀ ਭਾਖਾਵਾਂ ਦੀ ਪੜ੍ਹਾਈ ਨੂੰ ਉਤਸਾਹ ਦੇਣ ਲਈ ਵਿੱਤੀ ਤੇ ਨੀਤੀਗਤ ਕਦਮ ਚੁੱਕਦੇ ਪਏ ਨੇ, ਮਾਹਰਾਂ ਦਾ ਵਿਚਾਰ ਏ ਪਈ ਅਮਰੀਕੀ ਪਾੜ੍ਹੇ ਇਸ ਵਿੱਚ ਪਿੱਛੇ ਰਹਿੰਦੇ ਪਏ ਨੇ ਤੇ ਭੂਮੰਡਲੀ ਮੰਡੀ ਵਿੱਚ ਘਾਟਾ ਖਾ ਸੱਕਦੇ ਨੇ।" @(Asia Society news ੨nd April, ੨੦੦੯, www)

''ਅੰਗਰੇਜੀ ਨੇ ਜੋ ਇਜਾਰੇਦਾਰੀ ਵਾਲੀ ਥਾਂ ੨੦ਵੀਂ ਸਦੀ ਦੇ ਅੰਤ ਤੱਕ ਹਾਸਲ ਕਰ ਲਈ ਸੀ, ੨੧ਵੀਂ ਸਦੀ ਵਿੱਚ ਅਜਿਹੀ ਇਜਾਰੇਦਾਰੀ ਕਿਸੇ ਵੀ ਇੱਕ ਭਾਖਾ ਦੀ ਨਹੀਂ ਰਵ੍ਹੇਗੀ।" @(David Graddol. ੨੦੦੦ (੧੯੯੭))

''ਅੰਗਰੇਜੀ ਤੇ ਸੂਚਨਾ ਤਕਨਾਲੋਜੀ ਵਿੱਚਲਾ ਨੇੜਲਾ ਰਿਸ਼ਤਾ ਥੋੜ੍ਹ-ਚਿਰਾ ਹੋ ਸੱਕਦਾ ਏ। ਜਿਵੇਂ ਅੰਗਰੇਜੀ ਬੁਲਾਰੇ ਸਭ ਤੋਂ ਵਧੀਆ ਤੇ ਸਭ ਤੋਂ ਨਵੀਂ ਤਕਨਾਲੋਜੀ ਦਾ ਲਾਭ ਲੈਂਦੇ ਸਨ, ਇਹ ਹੁਣ ਸੱਚ ਨਹੀਂ।" (ਉਹੀ)। ਧਿਆਨ ਵਾਲੀ ਗੱਲ ਇਹ ਵੇ ਪਈ ਇਹ ਕਿਤਾਬ ਬਰਿਟਿਸ਼ ਕੌਂਸਲ ਵੱਲੋਂ ਛਾਪੀ ਗਈ ਏ, ਜਿਸਦੀ ਜੁੰਮੇਵਾਰੀ ਸਾਰੀ ਦੁਨੀਆਂ ਵਿੱਚ ਅੰਗਰੇਜੀ ਦਾ ਪ੍ਰਚਾਰ-ਪ੍ਰਸਾਰ ਤੇ ਅੰਗਰੇਜੀ ਪੜ੍ਹਾਉਣ ਦੀ ਏ।

ਪੂਰੀ ਦੁਨੀਆਂ ਦੇ ਉੱਨਤ ਦੇਸਾਂ ਦੀਆਂ ਲਗਭਗ ਸਾਰੀਆਂ ਪਾਠਸਾਲਾਂ ਵਿੱਚ ਮਾਤ ਭਾਖਾ ਤੋਂ ਇਲਾਵਾ ਹੋਰ ਭਾਖਾਵਾਂ ਦੀ ਸਿੱਖਿਆ ਦੇਣ ਦੇ ਜਤਨ ਹੁੰਦੇ ਪਏ ਨੇ ਤੇ ਇਹ ਦੂਜੀਆਂ ਭਾਖਾਵਾਂ ਬੱਸ ਅੰਗਰੇਜੀ ਨਹੀਂ।

ਏਥੋਂ ਤੱਕ ਕਿ ਅਮਰੀਕਾ ਵਿੱਚ ਚੀਨੀ ਭਾਖਾ ਮਾਧਿਅਮ ਰਾਹੀਂ ਸਿੱਖਿਆ ਦੇਣ ਵਾਲੇ ਪਾਠਸਾਲ ਖੁਲ੍ਹ ਗਏ ਨੇ ਤੇ ਇਹਨਾਂ ਵਿੱਚ ੯੦ ਫੀਸਦੀ ਤੋਂ ਵੱਧ ਵਿਦਿਆਰਥੀ ਅਣ-ਚੀਨੀ ਭਾਖੀ ਨੇ (ਹੈ ਤਾਂ ਇਹ ਨੀਤੀ ਵੀ ਗਲਤ, ਪਰ ਇਸ ਤੋਂ ਪਤਾ ਲੱਗਦਾ ਏ ਪਈ ਦੁਨੀਆਂ ਵਿੱਚ ਚੀਨੀ ਭਾਖਾ ਦਾ ਉਭਾਰ ਕਿਵੇਂ ਹੁੰਦਾ ਪਿਆ ਏ)।

ਅਮਰੀਕਾ ਵਿੱਚ ੨੦੦੭ ਵਿੱਚ ਚੀਨੀ ਭਾਖਾ ਸਿੱਖਣ ਵਾਲਿਆਂ ਦੀ ਗਿਣਤੀ ੨੦੦੦ ਦੇ ਮੁਕਾਬਲੇ ੧੦ ਗੁਣਾ ਸੀ (USA Today, ੨0th November, ੨੦੦੭)।

ਅਮਰੀਕਾ ਵਿੱਚ ਤਾਂ ਮਾਂ-ਪਿਉ ਅਣ-ਅੰਗਰੇਜ਼ੀ ਭਾਖਾਵਾਂ ਸਿੱਖਣ ਲੱਗੇ ਨੇ, ਤਾਂ ਕਿ ਉਹ ਆਪਣੇ ਬੱਚਿਆਂ ਦੀ ਦੂਜੀਆਂ ਭਾਖਾਵਾਂ ਸਿੱਖਣ ਵਿੱਚ ਮਦਦ ਕਰ ਸੱਕਣ (Education Update, ੧੫ March ੨੦੧੩, www)।

''ਸੰਸਾਰ ਅਰਥਚਾਰੇ ਵਿੱਚ ਚੀਨ ਦੇ ਵਧ ਰਹੇ ਅਸਰ ਨੂੰ ਕਬੂਲਦੇ ਹੋਏ, ਪਨਾਮਾ ਸਾਰੇ ਸਕੂਲਾਂ ਵਿੱਚ ਚੀਨੀ ਦੀ ਪੜ੍ਹਾਈ ਜਰੂਰੀ ਕਰਨ ਵੱਲ ਵਧਦਾ ਪਿਆ ਏ।" @BBC News (www) ੬th December, ੨੦੦੭)।

ਏਥੋਂ ਤੱਕ ਕਿ ਅੰਗਰੇਜੀ ਪ੍ਰਧਾਨ ਦੇਸਾਂ ਵਿੱਚ ਵੀ ਅਣ-ਅੰਗਰੇਜੀ ਭਾਖੀ ਲੋਕ ਅੰਗਰੇਜੀ ਨੂੰ ਛੱਡਦੇ ਪਏ ਨੇ। ਅਮਰੀਕਾ ਵਿੱਚ ੧੯੯੦ ਵਿੱਚ ੩ ਕਰੋੜ ੧੮ ਲੱਖ ਲੋਕਾਂ ਨੇ ਦਰਜ ਕਰਾਇਆ ਸੀ ਪਈ ਉਹ ਘਰ ਵਿੱਚ ਅੰਗਰੇਜੀ ਨਹੀਂ ਬੋਲਦੇ। ੨੦੦੦ ਦੀ ਜਣ-ਗਿਣਤੀ ਵਿੱਚ ਇਹ ਸੰਖਿਆ ੪ ਕਰੋੜ ੭੦ ਲੱਖ ਹੋ ਗਈ। ਇਹ ਵਾਧਾ ਇਹਨਾਂ ਭਾਖਾਵਾਂ ਦੇ ਬੋਲਣ ਵਾਲਿਆਂ ਦੀ ਅਬਾਦੀ ਵਿੱਚ ਵਾਧੇ ਤੋਂ ਕਿਧਰੇ ਵਧੇਰੇ ਵੇ। ਇਹਨਾਂ ਵਰ੍ਹਿਆਂ ਵਿੱਚ ਸਪੇਨੀ ਭਾਖਾ ਦਰਜ ਕਰਾਉਣ ਵਾਲਿਆਂ ਵਿੱਚ ੬੦ ਫੀਸਦੀ ਵਾਧਾ ਹੋਇਆ ਏ।

੧੯੮੦ ਤੋਂ ੨੦੧੧ ਤੱਕ ਅਮਰੀਕਾ ਵਿੱਚ ਘਰ ਵਿੱਚ ਅਣ-ਅੰਗਰੇਜੀ ਭਾਖਾਵਾਂ ਬੋਲਣ ਵਾਲਿਆਂ ਦੀ ਗਿਣਤੀ ਵਿੱਚ ੧੪੦ ਫੀਸਦੀ ਦਾ ਵਾਧਾ ਹੋਇਆ ਏ; ਜਦੋਂ ਕਿ ਇਹਨਾਂ ਵਰ੍ਹਿਆਂ ਵਿੱਚ ਅਮਰੀਕੀ ਅਬਾਦੀ ਬੱਸ ੪੦ ਫੀਸਦੀ ਵਧੀ ਏ।

ਪਹਿਲੀਆਂ ਅੰਗਰੇਜੀ ਬਸਤੀਆਂ ਵਿੱਚ ਕਿਵੇਂ ਅੰਗਰੇਜੀ ਸੰਚਾਰ-ਤੰਤਰ (media) 'ਚੋਂ ਬਾਹਰ ਹੁੰਦੀ ਪਈ ਏ ਇਸ ਦਾ ਚੰਗਾ ਸਬੂਤ ਅਰਜਨਟਾਈਨਾ ਦੇ ਇਹ ਅੰਕੜੇ ਨੇ: ੧੯੮੩ ਵਿੱਚ ਅਰਜਨਟਾਈਨਾ ਦੇ ਸੰਚਾਰ-ਤੰਤਰ ਦਾ ੪੯ ਫੀਸਦੀ ਦੇਸ ਤੋਂ ਬਾਹਰੋਂ ਸੀ ਜਿਹੜਾ ੧੯੯੬ ਵਿੱਚ ਘਟ ਕੇ ੨੨ ਫੀਸਦੀ ਰਹਿ ਗਿਆ।

ਇੰਞ ਕੋਈ ਸ਼ੱਕ ਨਹੀਂ ਰਹਿ ਜਾਂਦਾ ਪਈ ਜਿਹੜੇ ਖੇਤਰਾਂ ਵਿੱਚ ਪਹਿਲਾਂ ਅੰਗਰੇਜੀ ਦੀ ਪਰਧਾਨਗੀ ਸੀ ਉਹਨਾਂ ਖੇਤਰਾਂ ਵਿਚੋਂ ਅੰਗਰੇਜੀ ਦਿਨੋ-ਦਿਨ ਘੱਟ ਹੁੰਦੀ ਜਾਂਦੀ ਏ।

ਭਾਖਾ ਨਾਲ ਜੁੜੀ ਅਨੇਕਾਂ ਕਿਸਮ ਦੀ ਤਕਨਾਲੋਜੀ (ਇੰਟਰਨੈੱਟ, ਕੰਪਿਊਟਰ, ਮੋਬਾਈਲ, ਬਿਜਲ-ਕਿਤਾਬਾਂ (ਈ-ਬੁਕਸ) ਆਦਿ) ਵਿੱਚ ਥਾਂਵੀਂ ਭਾਖਾਵਾਂ ਦੇ ਵਣਜ-ਵਿਉਪਾਰ 'ਤੇ ਅਸਰ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸੱਕਦਾ।

ਇਸ ਗੱਲ 'ਤੇ ਵੀ ਬੜਾ ਧਿਆਨ ਦੇਣ ਦੀ ਲੋੜ ਏ ਪਈ ਅੰਗਰੇਜੀ ਭਾਖਾ ਕਰਕੇ ਸਾਡੇ ਕਿੰਨੇ ਸਿੱਖਿਆਵੀ, ਅਰਥਾਵੀ, ਵਪਾਰਵੀ ਤੇ ਭਾਖਾਈ ਨੁਕਸਾਨ ਹੁੰਦੇ ਪਏ ਨੇ।

## ੧.੬. ਅੰਗਰੇਜੀ ਭਾਖਾ 'ਤੇ ਟੇਕ ਰੱਖਣ ਦੇ ਕੁਝ ਹੋਰ ਵੱਡੇ ਘਾਟੇ

ਅੱਜ ਦੁਨੀਆਂ ਦੇ ਲਗਭਗ ਸਾਰੇ ਦੇਸ ਲੋੜ ਵੱਜੋਂ ਦੂਜੇ ਦੇਸਾਂ ਦੀਆਂ ਭਾਖਾਵਾਂ ਸਿੱਖਣ ਵਿੱਚ ਲੱਗਦੇ ਪਏ ਨੇ। ਪਰ ਅਸੀਂ ਅੰਗਰੇਜੀ ਦੀ ਸਮਾਧੀ ਨਾਲ ਚੰਬੜੇ ਬੈਠੇ ਆਂ। ਅਸੀਂ ਅੰਰਗੇਜੀ ਤੋਂ ਇਲਾਵਾ ਕਿਸੇ ਵੀ ਪਰਦੇਸੀ ਭਾਖਾ ਨੂੰ ਸਿੱਖਣ ਵੱਲ ਧਿਆਨ ਨਹੀਂ ਦੇਂਦੇ ਪਏ। ਇਸ ਵਜ੍ਹਾ ਕਰਕੇ ਬੜੇ ਵੱਡੇ ਵਪਾਰਵੀ ਤੇ ਅਰਥਾਵੀ ਨੁਕਸਾਨ ਹੁੰਦੇ ਪਏ ਨੇ। ਜੇ ਅਸੀਂ ਦੂਜੇ ਦੇਸਾਂ ਦੀਆਂ ਭਾਖਾਵਾਂ ਨਹੀਂ ਸਿੱਖਾਂਗੇ ਤਾਂ ਆਉਣ ਵਾਲੇ ਥੋੜੇ ਹੀ ਸਮੇਂ ਵਿੱਚ ਨਿੱਖੜ ਜਾਵਾਂਗੇ। ਅੱਜ ਸਾਡੇ ਲਈ ਅੰਗਰੇਜੀ ਨਾਲੋਂ ਵੀ ਵੱਧ ਜਰੂਰੀ ਚੀਨੀ ਤੇ ਸਪੇਨੀ ਜਿਹੀਆਂ ਭਾਖਾਵਾਂ ਨੇ। ਪਰ ਅਸੀਂ ਭਵਿੱਖ ਤਾਂ ਕੀ ਵਰਤਮਾਨ ਤੋਂ ਵੀ ਅੱਖਾਂ ਮੀਟੀ ਬੈਠੇ ਆਂ। ਜਿੱਥੇ ਵੀ ਅੰਗਰੇਜੀ ਭਾਖਾ ਮਾਤ ਭਾਖਾਵਾਂ ਦੀ ਥਾਂ ਮੱਲੀ ਬੈਠੀ ਸੀ ਓਥੇ ਈ ਅੱਜ ਦੁਨੀਆਂ ਦੇ ਸਾਰੇ ਦੇਸ ਅੰਗਰੇਜੀ ਨੂੰ ਬਾਹਰ ਕੱਢਦੇ ਪਏ ਨੇ। ਪਰ ਅਸੀਂ ਆਪਣੀ ਸਾਰੀ ਸਿੱਖਿਆ, ਸਭਿਆਚਾਰ, ਤੇ ਸੰਚਾਰ ਅੰਗਰੇਜੀ ਦੇ ਹਵਾਲੇ ਕਰੀ ਜਾਂਦੇ ਹਾਂ।

ਸਭਿਆਚਾਰੀ ਤਬਾਹੀ ਦੀ ਤਾਂ ਗੱਲ ਈ ਨਾ ਕੀਤੀ ਜਾਵੇ ਤਾਂ ਚੰਗਾ ਏ। ਇੱਕ ਅਜਿਹੀ ਖੁੱਡਾ-ਪੀੜ੍ਹੀ ਤਿਆਰ ਹੁਦੀ ਪਈ ਏ ਜਿਹੜੀ ਨਾ ਆਪਣੀ ਭਾਖਾ, ਨਾ ਇਤਿਹਾਸ, ਨਾ ਸਾਹਿਤ, ਨਾ ਵਿਰਸੇ, ਨਾ ਗਿਆਨ-ਵਿਗਿਆਨ, ਤੇ ਨਾ ਆਪਣੇ ਲੋਕਾਂ ਨਾਲ ਕੋਈ ਗੂੜ੍ਹੀ ਸਾਂਝ ਬਣਾ ਸੱਕਦੀ ਏ, ਤੇ ਨਾ ਈ

ਕਲਾਵੀ ਸਿਰਜਣਾ ਦੇ ਕਿਸੇ ਡੂੰਘੇ ਅਹਿਸਾਸ ਨਾਲ ਨੇੜ ਬਣਾ ਸੱਕਦੀ ਏ। ਬਾਬੇ ਨਾਨਕ ਨੇ ਉਦੋਂ ਪਰਦੇਸੀ ਭਾਖਾ ਫ਼ਾਰਸੀ ਬੋਲਣ ਵਾਲਿਆਂ ਨੂੰ ਮਲੇਛ ਭਾਖਾ ਗਾਹਣ ਵਾਲੇ ਆਖਿਆ ਸੀ। ਅੱਜ ਬਾਬੇ ਨਾਨਕ ਦੇ ਪੈਰੋਕਾਰ ਗੁਰੂ ਗ੍ਰੰਥ ਦੀ ਭਾਖਾ ਨੂੰ ਮਾਰਨ ਵਿੱਚ ਚੇਤ-ਅਚੇਤ ਪਰਦੇਸੀ ਹਾਕਮਾਂ ਨੂੰ ਵੀ ਪਿੱਛੇ ਛੱਡਦੇ ਪਏ ਨੇ। ਸੋ, ਹੁਣ ਜਦੋਂ ਭਾਰਤੀ ਉੱਚ ਵਰਗ ਨੇ ਬਾਬੇ ਨਾਨਕ ਤੱਕ ਦੇ ਸੰਦੇਸ਼ ਨੂੰ ਡੂੰਘਾ ਦੱਬ ਦਿੱਤਾ ਏ ਤਾਂ ਵਿਚਾਰੇ ਗਾਂਧੀ ਮਹਾਤਮਾ ਦੀ ਕੌਣ ਸੁਣੇਗਾ। ਉਹ ਤਾਂ ਬੱਸ ਧੋਤੀ ਪਾਂਦਾ ਸੀ। ਭਾਰਤੀ ਸਭਿਆਚਾਰ ਨੂੰ ‘ਬਾਏ-ਬਾਏ’ ਆਖ ਕੇ ‘ਟਾਈ-ਸ਼ਾਈ’ ਲਾਂਦਾ ਹੁੰਦਾ ਤਾਂ ਗੱਲ ਹੋਰ ਹੁੰਦੀ।

## ੧.੭. ਭਾਖਾਵਾਂ ਮਰਦੀਆਂ ਕਿਵੇਂ ਨੇ

ਹੇਠਲੀਆਂ ਟੂਕਾਂ ਭਾਖਾਵਾਂ ਦੇ ਅਲੋਪ ਹੋ ਜਾਣ ਦੇ ਦੋ ਸਭ ਤੋਂ ਵੱਡੇ ਕਾਰਣਾਂ ਨੂੰ ਉਜਾਗਰ ਕਰਦੀਆਂ ਨੇ (ਭਾਖਾ ਅਲੋਪ ਹੋਣ ਦੇ ਅਮਲ ਬਾਰੇ ਯੂਨੈਸਕੋ (੨੦੦੩) ਦੀ ਪੜਤਾਲ-ਲਿਖਤ ਦੇ ਹਵਾਲੇ ਨਾਲ ਪੰਜਾਬੀ ਭਾਖਾ ਦੀ ਹਾਲਤ ਅਗਲੇ ਪਾਠ ਵਿੱਚ ਦੱਸੀ ਗਈ ਏ):

“ਲੋਕਾਂ ਨੂੰ ਆਪਣੀ ਭਾਖਾ ਵਰਤਣ ਵਿੱਚ ਲੱਜ ਆਉਂਦੀ ਏ ਤੇ ਵਧੇਰੇ ਵਕਾਰੀ ਭਾਖਾ ਦੇ ਹੱਕ ਵਿੱਚ ਇਸ ਨੂੰ ਤਜ ਦੇਂਦੇ ਨੇ। ਆਖਰਕਾਰ, ਉਹ ਵਿਰਸੇ ਵਿੱਚ ਆਪਣੇ ਬੱਚਿਆਂ ਨੂੰ ਆਪਣੀ ਮਾਤ ਭਾਖਾ ਨਹੀਂ ਦੇਂਦੇ। ਇੰਞ ਘੱਟ ਗਿਣਤੀ ਭਾਖਾ ਦੇ ਬੁਲਾਰੇ ਇਸ ਨੂੰ ਪਿੱਠ ਦੇ ਜਾਂਦੇ ਨੇ। ਇੰਞ ਭਾਖਾ ਦੀ ਵਰਤੋਂ ਦੇ ਖੇਤਰ ਲਗਾਤਾਰ ਘਟਦੇ ਜਾਂਦੇ ਨੇ, ਜਿੰਨਾ ਚਿਰ ਨਵੀਂ ਭਾਖਾ ਇਸ ਦੀ ਥਾਂ ਪੂਰੀ ਤਰ੍ਹਾਂ ਨਹੀਂ ਮੱਲ ਲੈਂਦੀ। (McMahon,੧੯੯੪:੨੮੫)

''ਸਿੱਖਿਆ ਪ੍ਰਣਾਲੀ ਵਿੱਚ ਥਾਂਵੀਂ ਭਾਖਾਵਾਂ ਨਾ ਹੋਣ ਕਰਕੇ ਵੀ ਭਾਖਾਵਾਂ ਮਿਟ ਜਾਂਦੀਆਂ ਨੇ। ਘੱਟ ਗਿਣਤੀਆਂ ਦੀਆਂ ਭਾਖਾਵਾਂ ਨੂੰ ਬਚਾਈ ਰੱਖਣ ਤੇ ਨਤੀਜੇ ਵੱਜੋਂ ਉਹਨਾਂ ਦੇ ਸਭਿਆਚਾਰ ਨੂੰ ਬਚਾਈ ਰੱਖਣ ਵਿੱਚ ਪਾਠਸਾਲਾਂ ਦਾ ਕੇਂਦਰੀ ਰੋਲ ਹੁੰਦਾ ਏ।" @( Eckert. T. et al, ੨੦੦੬)

ਕਈ ਵਾਰ ਇਹ ਦਲੀਲ ਵੀ ਦਿੱਤੀ ਜਾਂਦੀ ਏ ਪਈ ਜੇ ਪੰਜਾਬੀ ਸਦੀਆਂ ਤੋਂ ਜਿਉਂਦੀ ਤੇ ਵਧਦੀ-ਫੁੱਲਦੀ ਆਉਂਦੀ ਪਈ ਏ ਤਾਂ ਹੁਣ ਵੀ ਕੋਈ ਖਤਰਾ ਨਹੀਂ ਹੋਣਾ ਚਾਹੀਦਾ। ਪਰ ਅਜਿਹੀ ਦਲੀਲ ਦੇਣ ਵਾਲੇ ਅੱਜ ਦੀਆਂ ਤੇ ਪਹਿਲਾਂ ਦੀਆਂ ਹਾਲਤਾਂ ਵਿਚਲਾ ਫਰਕ ਨਹੀਂ ਵੇਂਹਦੇ। ਪਾਠਸਾਲ ਸਿੱਖਿਆ ਦੀ ਅਣਹੋਂਦ ਕਰਕੇ ਪਹਿਲਾਂ ਪੰਜਾਬੀ ਭਾਖੀ ਬੱਚਿਆਂ ਦਾ ਵਾਹ ਕਿਸੇ ਹੋਰ ਭਾਖਾ ਨਾਲ ਨਹੀਂ ਸੀ ਪੈਂਦਾ। ਇਸ ਕਰਕੇ ਉਹਨਾਂ ਦੀ ਭਾਖਾ ਮੂਲ ਰੂਪ ਵਿੱਚ ਪੰਜਾਬੀ ਹੀ ਰਹਿੰਦੀ ਸੀ। ਪਰ ਅੱਜ ਹਰ ਬੱਚਾ ਪਾਠਸਾਲ ਜਾਂਦਾ ਏ ਤੇ ਦੇਰ-ਸਵੇਰ ਸਿੱਖਿਆ ਦੇ ਮਾਧਿਅਮ ਵਾਲੀ ਭਾਖਾ ਈ ਉਸ ਦੀ ਪਹਿਲੀ ਭਾਖਾ ਬਣ ਜਾਣ ਵਾਲੀ ਏ, ਕਿਉਂਕਿ ਬੱਚੇ ਦੀ ਮਾਧਿਅਮ ਵਾਲੀ ਭਾਖਾ ਵਿੱਚ ਸਮਰੱਥਾ ਮਾਤ ਭਾਖਾ ਵਿੱਚ ਸਮਰੱਥਾ ਨਾਲੋਂ ਵੀ ਵੱਧ ਹੋ ਜਾਂਦੀ ਏ (ਭਾਵੇਂ ਕਿ ਉਹ ਵੀ ਬਹੁਤੀ ਚੰਗੀ ਨਹੀਂ ਹੋ ਸੱਕਦੀ)। ਇੰਞ ਅੱਜ ਦੀਆਂ ਹਾਲਤਾਂ ਵਿੱਚ ਜੋ ਭਾਖਾਵਾਂ ਸਿੱਖਿਆ ਦਾ ਮਾਧਿਅਮ ਨਹੀਂ ਰਹਿਣਗੀਆਂ ਉਹਨਾਂ ਦਾ ਵਿਗਾਸ ਤਾਂ ਕੀ ਹੋਣਾ ਏਂ ਉਹਨਾਂ ਦਾ ਜਿਉਂਦੇ ਰਹਿਣਾ ਵੀ ਔਖਾ ਏ।

ਇਹਨਾਂ ਟਿੱਪਣੀਆਂ ਦੀ ਲੋਅ ਵਿੱਚ ਜੇ ਭਾਰਤ ‘ਤੇ ਝਾਤ ਮਾਰੀਏ ਤਾਂ ਭਾਰਤ ਦੀਆਂ ਬਹੁਤ ਭਾਖਾਵਾਂ ਦੇ ਮਿਟ ਜਾਣ ਦਾ ਖਤਰਾ ਸੱਚਾ ਏ। ਮੈਂ ਆਪਣੇ ਇੱਕ ਲੇਖ (ਇਸ ਪੁਸਤਕ ਦਾ ਦੂਜਾ ਪਾਠ) ਵਿੱਚ ਇਹ ਦੱਸਣ ਦਾ ਜਤਨ ਕੀਤਾ ਸੀ ਪਈ ਪੰਜਾਬੀ ਵਰਗੀ ਪੁਰਾਣੀ ਤੇ ਸਮਰੱਥ ਭਾਖਾ ਵੀ, ਜਿਸਦਾ ਅੰਗਰੇਜੀ ਨਾਲੋਂ ਪੁਰਾਣਾ ਤੇ ਅਮੀਰ ਸਾਹਿਤੀ ਵਿਰਸਾ ਏ, ਜਿਸਨੂੰ ਬੋਲਣ ਵਾਲਿਆਂ ਦੀ ਗਿਣਤੀ ੧੪ ਕਰੋੜ ਦੇ ਨੇੜੇ-ਤੇੜੇ ਵੇ, ਉਹ ਵੀ ਉਸ ਅਮਲ ਵਿੱਚ ਦਾਖਲ ਹੋ ਗਈ ਏ ਜਿਹੜਾ ਕਿਸੇ ਭਾਖਾ ਦੇ ਮਰਨ ਵੱਲ ਲਏ ਜਾਂਦਾ ਏ। ਇਹੀ ਹਾਲਤ ਭਾਰਤ ਦੀਆਂ ਦੂਜੀਆਂ ਅਨੁਸੂਚੀਆਂ ਭਾਖਾਵਾਂ ਦੀ ਏ (ਹਿੰਦੀ ਸਮੇਤ)। ਅਣ-ਅਨੁਸੂਚੀਆਂ ਬਹੁਤ ਭਾਖਾਵਾਂ ਤਾਂ ਅੰਤਲੇ ਸਾਹ ਲੈਂਦੀਆਂ ਲੱਗਦੀਆਂ ਨੇ। ਅਜਾਦ ਭਾਰਤ ਦੇ ਹਾਕਮਾਂ ਦਾ ਭਾਰਤੀ ਭਾਖਾਵਾਂ ਤੇ ਸਭਿਆਚਾਰਾਂ ਪ੍ਰਤੀ ਇਹ ਯੋਗਦਾਨ ਏ! ਖੱਟੀ ਕੀ ਹੋਈ ਏ ਤੇ ਕੀ ਹੁੰਦੀ ਪਈ ਏ, ਇਹਦਾ ਵੇਰਵਾ ਆਪਾਂ ਉੱਤੇ ਵੇਖ ਹੀ ਲਿਆ ਏ।

## ੧.੮. ਇਹ ਲਿਖਤ ਤੇ ਭਾਰਤੀ ਨੀਤੀਘਾੜੇ

ਪਿਛਲੇ ਸਾਲ (੨੦੨੧) ਪੰਜਾਬ ਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਫਰਮਾਨ ਜਾਰੀ ਕੀਤਾ ਪਈ ਪੰਜਾਬ ਦੀਆਂ ਸਾਰੀਆਂ ਸਰਕਾਰੀ ਪਾਠਸਾਲਾਂ ਵਿੱਚ ਗਣਿਤ ਪਹਿਲੀ ਜਮਾਤ ਤੋਂ ਈ ਅੰਗਰੇਜੀ ਵਿੱਚ ਪੜ੍ਹਾਇਆ ਜਾਵੇ। ਮੈਂ ਇੱਕ ਪੜਤਾਲ ਕੀਤੀ ਤਾਂ ਆਹ ਸਾਹਮਣੇ ਆਇਆ।

ਪੀਸਾ (ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟ ਅਸੈਸਮੈਂਟ) ਸੰਸਥਾ ਹਰ ਤਿੰਨੀਂ ਸਾਲੀਂ ਸਾਰੀ ਦੁਨੀਆਂ ਦੇ ਪੰਦਰਾਂ ਸਾਲਾਂ ਦੀ ਉਮਰ ਦੇ ਬਾਲਾਂ ਦੀ ਪੜ੍ਹਾਈ ਦੇ ਮੰਦ-ਚੰਗ ਦਾ ਹਿਸਾਬ ਕੱਢਦੀ ਏ। ਇਹਦੇ ਗਣਿਤ ਦੀ ਪੜ੍ਹਾਈ ਬਾਰੇ ੨੦੧੮ ‘ਚ ਕੱਢੇ ਹਿਸਾਬ ਨਾਲ ਗਣਿਤ ਦੀ ਪੜ੍ਹਾਈ ਚ ਪੌੜੀ ਦੇ ਸਭ ਤੋਂ ਉਤਲੇ ਡੰਡੇ ‘ਤੇ ਚੀਨ ਏ, ਦੂਜੇ ‘ਤੇ ਸਿੰਗਾਪੁਰ, ਤਰਿੱਜੇ ‘ਤੇ ਮਕਾਊ, ਚੌਥੇ ‘ਤੇ ਹਾਂਗਕਾਂਗ (ਚੀਨ), ਪੰਜਵੇਂ ‘ਤੇ ਤਾਈਵਾਨ, ਛੀਵੇਂ ‘ਤੇ ਜਪਾਨ, ਸੱਤਵੇਂ ‘ਤੇ ਦੱਖਣੀ ਕੋਰੀਆ, ਅੱਠਵੇਂ ‘ਤੇ ਇਸਟੋਨੀਆਂ, ਨੌਵੇਂ ‘ਤੇ ਨੀਦਰਲੈਂਡ (ਹਾਲੈਂਡ), ਦਸਵੇਂ ‘ਤੇ ਪੋਲੈਂਡ, ਯਾਰ੍ਹਵੇਂ ‘ਤੇ ਸਵਿਟਜਰਲੈਂਡ, ਬਾਰ੍ਹਵੇਂ ‘ਤੇ ਕਨੇਡਾ, ਤੇਰ੍ਹਵੇਂ ‘ਤੇ ਡੈਨਮਾਰਕ, ਚੌਦ੍ਹਵੇਂ ‘ਤੇ ਸਲੋਵੀਨੀਆਂ, ਪੰਦਰ੍ਹਵੇਂ ‘ਤੇ ਬੇਲਜੀਅਮ, ਸੋਲ੍ਹਵੇਂ ‘ਤੇ ਫਿਨਲੈਂਡ, ਤੇ ਰੱਬ ਤੁਹਾਡਾ ਭਲਾ ਕਰੇ, ਆਹ ਲਮਕਦਾ ਪਿਆ ਜੇ ਸਤਾਰ੍ਹਵੇਂ ਡੰਡੇ ‘ਤੇ ਜਿਹਦੀ ਮਾਂ ਬੋਲੀ ਅੰਗਰੇਜੀ ਏ, ਜਿਹਦੇ ਵੀਜੇ ਲਈ ਪੰਜਾਬੀਆਂ ਦੇ ਘਰ ਵੀ ਵਿਕੀ ਜਾਂਦੇ ਨੇ, ਤੇ ਜਿਹਦੇ ਰਾਜ ‘ਚ ਕਦੇ ਸੂਰਜ ਨਹੀਂ ਸੀ ਡੁੱਬਦਾ, ਇਹ ਜੇ ਜੂਕੇ (ਯੂਕੇ)। ਅਮਰੀਕਾ ਸੱਤਾਂ ਤੇ ਤਰੀਹਵੇਂ ਡੰਡੇ ‘ਤੇ ਮਤਬਲ ਸਈਂਤੀਵੇਂ ਡੰਡੇ ‘ਤੇ ਲਮਕਿਆ ਏ।

ਭਾਰਤ ਨੇ ਇੱਕ ਵਾਰ ਈ ਪੀਸਾ ਵਾਲਿਆਂ ਨੂੰ ਵੜਨ ਦਿੱਤਾ ਸੀ, ੨੦੦੯ ਵਿੱਚ। ਪੀਸਾ ਨੇ ਉਦੋਂ ੭੩ ਦੇਸਾਂ 'ਚ ਪੜਤਾਲ ਕੀਤੀ ਸੀ ਤੇ ਭਾਰਤ ਦੂਜੇ ਡੰਡੇ 'ਤੇ ਸੀ, ਹੇਠੋਂ।

ਪਹਿਲੇ ਸੋਲ੍ਹਾਂ 'ਚੋਂ ਬੱਸ ਦੋ, ਸਿੰਗਾਪੁਰ ਤੇ ਕਨੇਡਾ, ਨੇ ਜਿਹੜੇ ਗਣਿਤ ਅੰਗਰੇਜੀ 'ਚ ਪੜ੍ਹਾਉਂਦੇ ਨੇ। ਪਰ ਕਨੇਡਾ 'ਚ ਵੀ ਕਿਊਬਕ ਖੇਤਰ 'ਚ ਗਣਿਤ ਫਰਾਂਸੀਸੀ ਵਿੱਚ ਪੜ੍ਹਾਇਆ ਜਾਂਦਾ ਏ। ਸਿੰਗਾਪੁਰ ਬੱਸ ਸਤਵੰਜਾ ਲੱਖ ਦੀ ਅਬਾਦੀ ਵਾਲਾ ਸ਼ਹਿਰ ਏ। ਓਥੇ ਚਾਰ ਭਾਖਾਵਾਂ ਚੀਨੀ, ਮਲਾਏ, ਤਾਮਿਲ ਤੇ ਅੰਗਰੇਜੀ ਬੋਲਣ ਵਾਲੇ ਨੇ। ਇਸ ਕਰਕੇ ਸਿੰਗਾਪੁਰ ਦਾ ਨਮੂਨਾ ਆਪਣੇ ਗਣਿਤ ਦੇ ਹਿਸਾਬ ਲਈ ਬਹੁਤਾ ਢੁੱਕਵਾਂ ਨਹੀਂ ਹੋ ਸੱਕਦਾ। ਏਨਾ ਜਰੂਰ ਏ ਪਈ ਚਾਰੇ ਭਾਖਾਵਾਂ ਸਰਕਾਰੀ ਭਾਖਾਵਾਂ ਨੇ ਤੇ ਹਰੇਕ ਬਾਲ ਪਾਠਸਾਲ ਵਿੱਚ ਆਪਣੀ ਮਾਤ ਭਾਖਾ ਪਹਿਲੀ ਤੋਂ ਬਾਰ੍ਹਵੀਂ ਤੱਕ ਪੜ੍ਹਦਾ ਏ। ਆਪਣੇ ਬਹੁਤੇ ਮਤਬਲ ਦੀ ਗੱਲ ਇਹ ਵੇ ਪਈ ਸਿੰਗਾਪੁਰ ਵਿੱਚ ਵੀ ਜਨਮ-ਜਾਤ ਮੰਦ-ਬੁੱਧੀ ਬਾਲਾਂ ਨੂੰ ਮਾਤ ਭਾਖਾ ਵਿੱਚ ਪੜ੍ਹਾਇਆ ਜਾਂਦਾ ਏ। ਮਤਬਲ, ਏਥੇ ਆ ਕੇ ਅੰਗਰੇਜੀ ਹੱਥ ਖਲੇ ਕਰ ਦੇਂਦੀ ਏ।

ਭਾਰਤ ਵਿੱਚ ਆਂਧਰ ਪ੍ਰਦੇਸ਼ ਤੇ ਤੇਲੰਗਾਨਾ ਵਿੱਚ ਮਾਂ ਬੋਲੀ ਤੇਲੁਗੂ ਮਾਧਿਅਮ ਵਾਲੇ ਬਾਲਾਂ ਤੇ ਅੰਗਰੇਜ਼ੀ ਮਾਧਿਅਮ ਵਾਲੇ ਬਾਲਾਂ ਦੇ ਗਣਿਤ ਦੇ ਦਰਜੇ ਦਾ ਟਾਕਰਾ ਕੀਤਾ ਗਿਆ ਸੀ ਤੇ ਤੇਲੁਗੂ ਮਾਧਿਅਮ ਵਾਲੇ ਬਾਲਾਂ ਨੇ ਅੰਗਰੇਜੀ ਮਾਧਿਅਮ ਵਾਲੇ ਬਾਲਾਂ ਨੂੰ ਗਣਿਤ-ਘੋਲ ਵਿੱਚ ਧੋਬੀ ਪਟਕਾ ਮਾਰ ਕੇ ਚਿੱਤ ਕਰ ਦਿੱਤਾ ਸੀ।

ਇਹ ਗੱਲਾਂ ਮੈਂ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਚਿੱਠੀ ਲਿਖ ਕੇ ਦੱਸੀਆਂ ਸਨ। ਪਰ ਭਾਰਤ ਦੀ ਬਹੁਤੀ ਬਾਬੂਸ਼ਾਹੀ ਬਾਰੇ ਦੋ ਗੱਲਾਂ ਬੜੀਆਂ ਸਾਫ ਨੇ; ਇੱਕ ਤੇ ਇਹ ਸਮਝਦੀ ਏ ਪਈ ਭਾਰਤ ਦੀ ਬੀਏ ਡਿਗਰੀ ਨਾਲ ਸਾਰੀ ਦੁਨੀਆਂ ਦਾ ਹੁਣ ਤੱਕ ਦਾ (ਤੇ ਖਵਰੇ ਅਗਲਾ ਵੀ) ਸਾਰਾ ਗਿਆਨ ਹਾਸਲ ਹੋ ਜਾਂਦਾ ਏ ਤੇ ਦੂਜੇ ਭਾਰਤ ਦੇ ਬੰਦੇ ਦੀ ਚਿੱਠੀ ਦਾ ਜੁਆਬ ਦੇਣ ਨਾਲ ਪਰਲੋ ਆ ਜਾਵੇਗੀ ਤੇ ਦੁਨੀਆਂ ਮੁੱਕ ਜਾਵੇਗੀ। ਪਰ ਮੈਨੂੰ ਕਮਲੇ ਨੂੰ ਹਾਲੇ ਵੀ ਸਕੱਤਰ ਕ੍ਰਿਸ਼ਨ ਕੁਮਾਰ ਦੀ ਚਿੱਠੀ ਦੀ ਉਡੀਕ ਏ। ਇਹੋ ਜਿਹੀਆਂ ਆਪਣੀਆਂ ਹਜਾਰਾਂ ਚਿੱਠੀਆਂ ਦੇ ਭਾਰਤ ਦੇ ਥਾਂ-ਥਾਂ ਤੋਂ ਜੁਆਬਾਂ ਦੀਆਂ ਉਡੀਕਾਂ ਮੈਂ ਬੜੇ ਸਾਲਾਂ ਤੋਂ ਕਰਦਾ ਪਿਆ ਵਾਂ।

ਪਿਛਲੀ ਸਾਰੀ ਗੱਲ-ਬਾਤ ਤੋਂ ਭਾਰਤ ਦੇ ਨੀਤੀਘਾੜਿਆਂ ਬਾਰੇ ਇੱਕ ਹੋਰ ਸਿੱਟਾ ਵੀ ਤੁਸੀਂ ਕੱਢ ਸੱਕਦੇ ਓ, ਪਈ ਇਹਨਾਂ ਲੋਈ ਲਾਹ ਛੱਡੀ ਹੋਈ ਏ। ਏਨੀ ਵੀ ਲੱਜ ਨਹੀਂ ਪਈ ਸਾਡੀ ਜਾਣਕਾਰੀ ਦੀ ਪੱਧਰ ਬਾਰੇ ਜਾਣਕਾਰੀ ਰੱਖਣ ਵਾਲੇ ਭਾਰਤੀ ਲੋਕ ਤੇ ਹੋਰ ਦੁਨੀਆਂ ਕੀ ਸੋਚਦੀ ਹੋਵੇਗੀ।

## ੧.੯. ਅੰਗਰੇਜੀ ਤੇ ਹਿੰਦੀ ਦੀ ਧੌਂਸ ਕਿਉਂ

ਭਾਰਤ ਦੇ ਭਾਖਾਈ ਮਸਲੇ ਉਹਨਾਂ ਸਭ ਦੇਸਾਂ ਵਰਗੇ ਨੇ ਜਿਹੜੇ ਸਾਮਰਾਜ ਦੀਆਂ ਬਸਤੀਆਂ ਰਹੇ ਨੇ। ਇਹਨਾਂ ਦੇ ਕਾਰਣਾਂ ਨੂੰ ਸਮਝੇ ਬਿਨਾਂ ਸੰਕਟ ਤੋਂ ਛੁਟਕਾਰਾ ਔਖਾ ਏ।

ਪੰਜਾਬ ਨੂੰ ਸਰ ਕਰਨ ਦੀ ਔਖ ਤੋਂ ਬਰਤਾਨਵੀ ਹਾਕਮ ਸਮਝ ਗਏ ਸਨ ਪਈ ਉਹਨਾਂ ਦੇ ਸਾਮਰਾਜ ਲਈ ਭਾਰਤ ਵਿੱਚ ਸਭ ਤੋਂ ਵੱਡਾ ਖਤਰਾ ਕੌਮੀ ਭਾਵਨਾਵਾਂ ਨੇ। ਬਰਤਾਨਵੀ ਭਾਰਤ ਵਿੱਚ ਅਨੇਕਾਂ ਕੌਮਾਂ ਦੀ ਹੋਂਦ ਕਰਕੇ ਬਰਤਾਨਵੀ ਹਾਕਮਾਂ ਨੂੰ ਦਿੱਸਦਾ ਸੀ ਪਈ ਸਾਰੇ ਭਾਰਤ ਨੂੰ ਆਪਣੇ ਅਧੀਨ ਰੱਖਣ ਲਈ ਭਾਰਤ ਵਿੱਚ ਕੌਮੀ ਲਹਿਰਾਂ ਨੂੰ ਠੱਲ ਪਾਉਣੀ ਜਰੂਰੀ ਏ। ਇਸ ਦਾ ਹੱਲ ਉਹਨਾਂ ਨੇ ਭਾਰਤੀ ਕੌਮਾਂ ਵਿੱਚ ਕੌਮੀ ਭਾਵਨਾ ਉੱਤੇ ਫਿਰਕੂ ਭਾਵਨਾ ਨੂੰ ਭਾਰੂ ਬਣਾ ਦੇਣ ਵਿੱਚ ਲੱਭਿਆ।

ਭਾਰਤੀ ਭਾਰੂ ਵਰਗ (ਸਵਰਣ ਵਰਗ) ਦਾ ਹਿੱਤ ਵੀ ਕਿਉਂਕਿ ਭਾਰਤ ਨੂੰ ਇੱਕ ਰੱਖਣ ਵਿੱਚ ਸੀ ਇਸ ਕਰਕੇ ਇਹ ਵਰਗ ਵੀ ਭਾਰਤੀ ਕੌਮਾਂ ਦੇ ਫਿਰਕੂਕਰਣ ਵਿੱਚ ਬਰਤਾਨੀਆਂ ਦਾ ਜੋਟੀਦਾਰ ਬਣ ਗਿਆ।

ਕੌਮੀ ਪਛਾਣਾਂ ਨੂੰ ਠੱਲ ਪਾਉਣ ਲਈ ਵੱਖ-ਵੱਖ ਕੌਮਾਂ ਦੀਆਂ ਭਾਖਾਵਾਂ, ਸੱਭਿਆਚਾਰਾਂ, ਵਿਰਸੇ, ਇਤਿਹਾਸ ਆਦਿ ਨੂੰ ਮਲੀਆਮੇਟ ਕਰਨਾ ਜਰੂਰੀ ਸੀ। ਇਸ ਦਾ ਹੱਲ ਅੰਗਰੇਜਾਂ ਨੇ ਸਿੱਖਿਆ ਰਾਹੀਂ ਅੰਗਰੇਜੀ ਭਾਖਾ ਤੇ ਵਿਚਾਰਾਂ ਦਾ ਗਲਬਾ ਕਾਇਮ ਕਰਨ ਵਿੱਚ ਲੱਭਿਆ। ਭਾਰਤ ਦੀ ਉਚੇਰੀ ਸਿੱਖਿਆ ਤੇ ਹਰ ਸੱਤਾ ਵਾਲੀ ਤੇ ਲਾਭ ਵਾਲੀ ਥਾਂ ਅੰਗਰੇਜੀ ਭਾਖਾ ਨਾਲ ਬੱਝ ਗਈ ਤੇ ਅੰਗਰੇਜੀ ਹਰ ਤਰ੍ਹਾਂ ਦੇ ਗਲਬੇ ਦਾ ਸੰਦ ਬਣ ਗਈ।

ਜਿਵੇਂ-ਜਿਵੇਂ ਭਾਰਤੀ ਭਾਖਾਵਾਂ ਸਭ ਕਾਸੇ 'ਚੋਂ ਬਾਹਰ ਹੁੰਦੀਆਂ ਗਈਆਂ ਤਿਵੇਂ-ਤਿਵੇਂ ਉਹਨਾਂ ਵਿੱਚ ਲੋਕਾਂ ਦਾ ਭਰੋਸਾ ਤੇ ਵਕਾਰ ਘਟਦਾ ਗਿਆ। ਅੱਜ ਇਹ ਹਾਲਤ ਏ ਪਈ ਜਿਹੜੇ ਬੰਦੇ ਨੇ ਪਾਠਸਾਲ ਦੀ ਇੱਕ ਜਮਾਤ ਵੀ ਨਹੀਂ ਕੀਤੀ ਉਹਦੇ ਬੂਹੇ 'ਤੇ ਵੀ ਨਾਂ ਦੀ ਫੱਟੀ ਅਕਸਰ ਅੰਗਰੇਜੀ ਵਿੱਚ ਈ ਹੁੰਦੀ ਏ।

ਅਜਾਦੀ ਤੋਂ ਬਾਅਦ ਭਾਰਤੀ ਹਾਕਮ ਵਰਗ ਤੇ ਹਿੱਤ ਵੀ ਅੰਗਰੇਜਾਂ ਦੇ ਹਿੱਤਾਂ ਵਰਗੇ ਹੋ ਜਾਣ ਕਰਕੇ ਉਸ ਸਾਰੀ ਅੰਗਰੇਜੀ ਧਾਰਾ ਦਾ ਪਰਵਾਹ ਓਸੇ ਤਰ੍ਹਾਂ ਚੱਲਦਾ ਰਿਹਾ। ਭਾਰਤੀ ਹਾਕਮਾਂ ਨੂੰ ਕਿਉਂਕਿ ਸੱਭਿਆਚਾਰ ਪੱਖੋਂ ਰਾਜਸੀ ਵਿਰੋਧ ਦਾ ਅੰਗਰੇਜਾਂ ਨਾਲੋਂ ਘੱਟ ਸਾਹਮਣਾ ਸੀ, ਇਸ ਕਰਕੇ ਕਈ ਅਰਥਾਂ ਵਿੱਚ ਅੰਗਰੇਜੀ ਧਾਰਾ ਹੋਰ ਵੀ ਤਿੱਖੀ ਹੋ ਗਈ। ਵੱਖ-ਵੱਖ ਰਾਜਸੀ ਤੇ ਫਿਰਕੂ ਕਾਰਣਾਂ ਕਰਕੇ ਹੁਣ ਅੰਗਰੇਜੀ ਭਾਖੀ ਧਾਰਾ ਨਾਲ ਕਿਸੇ ਹੱਦ ਤੱਕ ਹਿੰਦੀ ਵੀ ਜੁੜ ਗਈ ਤੇ ਪੂਰੇ ਭਾਰਤ 'ਤੇ ਦੂਹਾਂ ਦਾ ਗਲਬਾ ਦਿਨੋਂ-ਦਿਨ ਹੋਰ ਡੂੰਘਾ ਹੁੰਦਾ ਗਿਆ।

੧੯੯੦ ਤੋਂ ਵਿਸ਼ਵ ਵਪਾਰ ਸੰਗਠਨ ਦੀ ਧੌਂਸ ਹੋ ਜਾਣ ਕਰਕੇ ਇਸ ਵਿੱਚ ਬੜਾ ਵੱਡਾ ਕਾਰਕ ਸਿੱਖਿਆ ਦਾ ਨਿਜੀਕਰਣ ਜੁੜ ਗਿਆ।

ਸਿੱਖਿਆ ਦੇ ਨਿਜੀਕਰਣ ਲਈ ਜਰੂਰੀ ਸੀ ਕਿ ਸਰਕਾਰੀ ਸਿੱਖਿਆ ਦਾ ਭੋਗ ਪਾਇਆ ਜਾਂਦਾ। ਇਸ ਕੰਮ ਵਿੱਚ ਅੰਗਰੇਜੀ ਸਭ ਤੋਂ ਤਗੜਾ ਸੰਦ ਬਣ ਗਈ। ਸਰਕਾਰੀ ਸਿੱਖਿਆ ਦੇ ਡੇਗ ਦਿੱਤੇ ਗਏ ਪੱਧਰ ਤੇ ਅੰਗਰੇਜੀ ਦੇ ਚਾਰੇ ਪਾਸੇ ਗਲਬੇ ਦਾ ਲਾਭ ਲੈ ਕੇ ਨਿਜੀ ਪਾਠਸਾਲ ਸਿੱਖਿਆ ਨੂੰ ਵੀ ਅੰਗਰੇਜੀ ਮਾਧਿਅਮ ਵੱਲ ਤੋਰ ਦਿੱਤਾ ਗਿਆ। ਇਹ ਨਿਜੀ ਸਿੱਖਿਆ ਅੱਜ ਮੁਨਾਫੇ ਦਾ ਵੱਡਾ ਕਾਰੋਬਾਰ ਬਣ ਗਈ ਏ। ਇਹ ਇੱਕੋ ਲੱਤ ਅੰਗਰੇਜੀ ਮਾਧਿਅਮ ‘ਤੇ ਖਲੋਤੀ ਏ। ਇਸ ਅੰਗਰੇਜੀ ਮਾਧਿਅਮ ਸਿੱਖਿਆ ਧਾਰਾ ਦੀ ਇੱਕੋ ਲੱਤ ਨੂੰ ਟੁੱਟਣ ਤੋਂ ਬਚਾਉਣ ਲਈ ਹਰ ਪਾਸੇ ਅੰਗਰੇਜੀ ਦੀ ਧੌਂਸ ਜਰੂਰੀ ਏ। ਸੋ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਪਈ ਭਾਰਤ ਵਿੱਚ ਅੱਜ-ਕੱਲ੍ਹ ਥਾਵਾਂ ਦੇ ਇਸਲਾਮੀ ਕਿਸਮ ਦੇ ਨਾਂ ਤੇ ਬਦਲੇ ਜਾਂਦੇ ਪਏ ਨੇ ਪਰ ਅੰਗਰੇਜੀ ਨਹੀਂ। ਹੋਰ ਤਾਂ ਹੋਰ ਕੱਟੜ ‘ਰਾਸ਼ਟਰੀ ਸਵਯਮ ਸੇਵਕ ਸੰਘ’ ਦੇ ਵੱਡੀ ਛਾਤੀ ਵਾਲੇ ਪ੍ਰਧਾਨ ਮੰਤਰੀ ਨੇ ਆਪਣੇ ਦਫਤਰ ਤੇ ਨਿਵਾਸ ਦਾ ਨਾਂ ਅੰਗਰੇਜੀ ‘ਸੈਂਟਰਲ ਵਿਸਟਾ’ ਰੱਖਿਆ ਏ ਤੇ ਭਗਵਾਂਧਾਰੀ ਮੁੱਖ ਮੰਤਰੀ ਨੇ ਉੱਤਰ ਪ੍ਰਦੇਸ਼ ਵਿੱਚ ਜਿੰਨੇ ਸਰਕਾਰੀ ਪਾਠਸਾਲ ਹਿੰਦੀ ਮਾਧਿਅਮ ਤੋਂ ਅੰਗਰੇਜੀ ਮਾਧਿਅਮ ਵਿੱਚ ਕੀਤੇ ਨੇ ਏਨੇ ਕਿਸੇ ਨੇ ਨਹੀਂ ਸਨ ਕੀਤੇ।

ਸੋ ਅੰਗਰੇਜੀ ਹਿੰਦੀ ਭਾਖਾਵਾਂ ਨਿਜੀ ਸਿੱਖਿਆ ਰਾਹੀਂ ਅੰਨ੍ਹੇਂ ਮੁਨਾਫੇ ਕਮਾਉਣ ਤੇ ਅਟਾਰੀ-ਛਾਪ (ਇਲੀਟ) ਤੇ ਖਾਸ ਫਿਰਕੂ ਵਰਗ ਦੀ ਰਾਜਸੀ ਤੇ ਵਿਚਾਰਧਾਰਾਈ ਧੌਂਸ ਦੇ ਵੱਡੇ ਸੰਦ ਨੇ।

## ੧.੧੦. ਮਾਂ ਬੋਲੀਆਂ ਦਾ ਬੋਲਬਾਲਾ ਕਿਵੇਂ ਹੋਵੇ

ਹਰ ਅਮਲ ਦੇ ਆਪਣੇ ਸਿੱਟੇ ਹੁੰਦੇ ਨੇ। ੯੦ਵਿਆਂ ਤੋਂ ਪਹਿਲਾਂ ਪਾਠਸਾਲ ਸਿੱਖਿਆ ਵਿੱਚ ਕਿਉਂਕਿ ਅੰਗਰੇਜੀ ਮਾਧਿਅਮ ਭਾਰੂ ਨਹੀਂ ਸੀ ਇਸ ਕਰਕੇ ਅੰਗਰੇਜੀ ਭਾਖਾ ਨੇ ਸਿੱਖਿਆ ਤੇ ਭਾਖਾ ਦਾ ਅੱਜ ਵਰਗਾ ਸੰਕਟ ਪੈਦਾ ਨਹੀਂ ਸੀ ਕੀਤਾ। ਪਾਠਸਾਲ ਸਿੱਖਿਆ ਭਾਰਤੀ ਭਾਖਾਵਾਂ ਵਿੱਚ ਹੋਣ ਕਰਕੇ, ਬਾਲ ਵਿਸ਼ਿਆਂ ਵਿੱਚ ਚੰਗੀ ਮੁਹਾਰਤ ਹਾਸਲ ਕਰ ਲੈਂਦੇ ਸਨ, ਭਾਰਤੀ ਭਾਖਾਵਾਂ ਵਿੱਚ ਵੀ ਚੰਗੀ ਸਮਰੱਥਾ ਹਾਸਲ ਕਰਦੇ ਸਨ, ਤੇ ਹੋਰ ਭਾਖਾ ਸਿੱਖਣ ਦੀ ਨੀਂਹ ਚੰਗੀ ਰੱਖੀ ਜਾਣ ਕਰਕੇ ਅੰਗਰੇਜੀ ਦੀ ਵੀ ਚੰਗੀ ਸਮਰੱਥਾ ਹਾਸਲ ਕਰ ਲੈਂਦੇ ਸਨ। ਹੁਣ ਸਰਕਾਰੀ ਪਾਠਸਾਲ ਧਾਰਾ ਮਾੜੀ ਹੋ ਜਾਣ ਕਰਕੇ ਤੇ ਨਿਜੀ ਸਿੱਖਿਆ ਅੰਗਰੇਜੀ ਮਾਧਿਅਮ ਵਿੱਚ ਹੋਣ ਕਰਕੇ ਭਾਰਤ ਦੀ ਸਾਰੀ ਚੰਗੀ ਸਿੱਖਿਆ ਦਾ ਲਗਭਗ ਭੋਗ ਪੈ ਗਿਆ ਏ। ਅੰਗਰੇਜੀ ਮਾਧਿਅਮ ਵਿੱਚ ਪੜ੍ਹਨ ਵਾਲੇ ਬਾਲਾਂ ਦੀ ਭਾਰਤੀ ਭਾਖਾਵਾਂ ਵਿੱਚ ਸਮਰੱਥਾ ਮੁੱਕ ਗਈ ਏ ਤੇ ਉਹ ਆਪਣੇ ਸੱਭਿਆਚਾਰ, ਵਿਰਸੇ, ਤੇ ਲੋਕਾਂ ਆਦਿ ਤੋਂ ਵਿਛੁੰਨੇ ਜਾਂਦੇ ਪਏ ਨੇ। ਅਰੰਭ ਤੋਂ ਅੰਗਰੇਜੀ ਮਾਧਿਅਮ ਵਿੱਚ ਪੜ੍ਹਨ ਵਾਲੇ ਬਾਲਾਂ ਦੀ ਭਾਖਾਈ ਸਮਰੱਥਾ ਦਾ ਵਿਗਾਸ ਨਾ ਹੋਣ ਕਰਕੇ ਉਹ ਅੰਗਰੇਜੀ ਭਾਖਾ ਦੀ ਵੀ ਸੂਖਮ ਮੁਹਾਰਤ ਹਾਸਲ ਨਹੀਂ ਕਰ ਸੱਕਦੇ। ਪਾਠਸਾਲ ਸਿੱਖਿਆ ਦੀ ਹਰ ਬਾਲ ਤੱਕ ਪਹੁੰਚ ਹੋ ਜਾਣ ਕਰਕੇ ਤੇ ਜੀਵਨ ਦੇ ਭੂਮੰਡਲੀ ਹੋ ਜਾਣ ਕਰਕੇ ਅੰਗਰੇਜੀ ਤੇ ਹਿੰਦੀ ਦਾ ਦਖਲ ਏਨਾ ਡੂੰਘਾ ਤੇ ਵੱਡਾ ਹੋ ਗਿਆ ਏ ਪਈ ਲੋਕਾਂ ਨੂੰ ਆਪਣੀਆਂ ਮਾਂ ਬੋਲੀਆਂ ਦੇ ਮੁੱਕ ਜਾਣ ਦਾ ਖਤਰਾ ਅਸਲ ਭਾਸਣ ਲੱਗਾ ਏ।

ਸੋ, ਪ੍ਰਭਾਵੀ ਪਾਠਸਾਲ ਸਿੱਖਿਆ ਵੀ ਅੰਗਰੇਜੀ ਮਾਧਿਅਮ ਵਿੱਚ ਹੋ ਜਾਣ ਕਰਕੇ ਭਾਰਤ ਸਾਹਵੇਂ ਉਹ ਬਹੁਪੱਖੀ ਸੰਕਟ ਆਣ ਖਲੋਤਾ ਏ ਜਿਹੜਾ ਉਦੋਂ ਏਨਾ ਵੱਡਾ ਨਹੀਂ ਸੀ ਜਦੋਂ ਪਾਠਸਾਲ ਸਿੱਖਿਆ ਅੰਗਰੇਜੀ ਵਿੱਚ ਨਹੀਂ ਸੀ। ਏਸੇ ਕਰਕੇ ਪਿਛਲੇ ਕੁਝ ਸਾਲਾਂ ਤੋਂ ਮਾਤ ਭਾਖਾਵਾਂ ਦੇ ਹੱਕ ਵਿੱਚ ਵਿਚਾਰਧਾਰਾਈ ਤੇ ਅਮਲੀ ਸਰਗਰਮੀ ਵਧੇਰੇ ਦਿੱਸਣ ਲੱਗੀ ਏ।

ਪਰ ਹਰ ਪਾਸੇ ਅੰਗਰੇਜੀ ਤੇ ਕਿਸੇ ਹੱਦ ਤੱਕ ਹਿੰਦੀ ਦਾ ਗਲਬਾ ਏਨਾ ਭਾਰਾ ਏ ਕਿ ਭਾਰਤੀਆਂ ਦਾ ਇਸ ਭਾਖਾਈ ਗਲਬੇ ‘ਚੋਂ ਮਾਨਸਿਕ ਤੌਰ ‘ਤੇ ਨਿਕਲਣਾ ਏਨਾ ਸੌਖਾ ਨਹੀਂ। ਇਸ ਕਰਕੇ ਵੱਡੇ ਵਿਚਾਰਧਾਰਾਈ ਤੇ ਅਮਲੀ ਹੱਲੇ ਦੀ ਲੋੜ ਏ। ਲੋਕਾਂ ਨੂੰ ਗਲਤ ਭਾਖਾ ਨੀਤੀਆਂ ਤੋਂ ਹੋਏ ਤੇ ਹੁੰਦੇ ਪਏ ਇਤਿਹਾਸੀ ਘਾਟਿਆਂ ਤੋਂ ਜਾਣੂੰ ਕਰਨ ਦੀ ਵੱਡੀ ਤੇ ਤੁਰਤ ਲੋੜ ਏ। ਲੋਕਾਂ ਵਿੱਚ ਆਪਣੀਆਂ ਭਾਖਾਵਾਂ ਦੀ ਸਮਰੱਥਾ ਵਿੱਚ ਭਰੋਸਾ ਭਰਨ ਦੀ ਲੋੜ ਏ ਤੇ ਇਹ ਵਿਸ਼ਵਾਸ਼ ਪੈਦਾ ਕਰਨ ਦੀ ਲੋੜ ਏ ਪਈ ਮਾਂ ਬੋਲੀਆਂ ਦੀ ਅਣਦੇਖੀ ਨਾਲ ਹਰ ਖੇਤਰ ਵਿੱਚ ਤਬਾਹੀ ਹੀ ਤਬਾਹੀ ਏ। ਇਹ ਕਾਰਜ ਭਾਖਾ ਦੇ ਮਾਮਲਿਆਂ ਬਾਰੇ ਸਹੀ ਤੇ ਪਰਮਾਣੀ ਸਮਝ ਦੇ ਪਸਾਰ ਤੇ ਸਫਲ ਦੁਨੀਆਂ ਦੇ ਭਾਖਾਈ ਵਿਹਾਰ ਬਾਰੇ ਪ੍ਰਚਾਰ ਕੀਤੇ ਬਿਨਾਂ ਨਹੀਂ ਹੋ ਸੱਕਦਾ।

ਅੰਗਰੇਜੀ ਤੇ ਹਿੰਦੀ ਭਾਖਾਵਾਂ ਨੂੰ ਸੱਤਾ ਦੀ ਬਹੁਤੀ ਸਰਪ੍ਰਸਤੀ ਕਿਉਂਕਿ ਸੰਘ ਸਰਕਾਰ ਤੋਂ ਹਾਸਲ ਏ ਇਸ ਕਰਕੇ ਕਿਸੇ ਇਕੱਲੀ ਭਾਖਾ ਦੇ ਪੱਧਰ ‘ਤੇ ਇਸ ਸੰਕਟ ਨੂੰ ਨਜਿੱਠ ਲੈਣਾ ਸੌਖਾ ਕਾਰਜ ਨਹੀਂ। ਸੋ ਵੱਡੀ ਤੇ ਤੁਰਤ ਲੋੜ ਇਹ ਵੇ ਪਈ ਵੱਖ-ਵੱਖ ਭਾਖਾਵਾਂ ਦੀਆਂ ਸਰਬ ਭਾਰਤੀ ਸਾਂਝੀਆਂ ਸਰਗਰਮੀਆਂ ਕੀਤੀਆਂ ਜਾਣ ਤੇ ਸਰਬ ਭਾਰਤੀ ਸੰਗਠਨਾਂ ਨੂੰ ਤਗੜਿਆਂ ਕੀਤਾ ਜਾਵੇ।

ਮਾਂ ਬੋਲੀਆਂ ਨੂੰ ਜੋ ਵੀ ਕਨੂੰਨੀ ਹੱਕ ਹਾਸਲ ਨੇ ਉਹਨਾਂ ਨੂੰ ਸੱਚੀ-ਮੁੱਚੀਂ ਲਾਗੂ ਕਰਵਾਉਣ ਲਈ ਤੇ ਸਹੀ ਭਾਖਾ ਨੀਤੀ ਨੂੰ ਕਨੂੰਨੀ ਬਨਾਉਣ ਲਈ ਹਰ ਤਰ੍ਹਾਂ ਦਾ ਜਤਨ ਕੀਤਾ ਜਾਵੇ।

ਮਾਂ ਬੋਲੀ ਮਾਧਿਅਮ ਸਿੱਖਿਆ ਧਾਰਾ ਨੂੰ ਬਚਾਉਣ ਤੇ ਤਗੜੇ ਕਰਨ ਲਈ ਹਰ ਲੋੜੀਂਦਾ ਜਤਨ ਕੀਤਾ ਜਾਵੇ ਤਾਂ ਕਿ ਇਸ ਧਾਰਾ ਵਿੱਚ ਭਰੋਸਾ ਕਾਇਮ ਹੋ ਸੱਕੇ।

ਜਾਤੀ ਪੱਧਰ 'ਤੇ ਹਰ ਉਸ ਥਾਂ 'ਤੇ ਮਾਂ ਬੋਲੀ ਦੀ ਵਰਤੋਂ ਕੀਤੀ ਜਾਵੇ ਜਿੱਥੇ ਕਿਸੇ ਹੋਰ ਭਾਖਾ ਦੀ ਵਰਤੋਂ ਦੀ ਲਾਚਾਰੀ ਨਹੀਂ। ਬਿਜਲੇਈ ਮਾਧਿਅਮਾਂ ਦੀ ਵਰਤੋਂ ਜਿੰਨੀ ਵੀ ਮਾਂ ਬੋਲੀ ਵਿੱਚ ਹੋ ਸੱਕਦੀ ਏ ਵੱਧ ਤੋਂ ਵੱਧ ਕੀਤੀ ਜਾਵੇ। ਸਰਕਾਰੀ ਤੇ ਨਿਜੀ ਹਰ ਸੰਸਥਾ, ਸੰਗਠਨ, ਤੇ ਕਾਰੋਬਾਰੀ ਆਦਿ ਤੋਂ ਮਾਂ ਬੋਲੀ ਵਿੱਚ ਸੇਵਾਵਾਂ ਦੀ ਮੰਗ ਕੀਤੀ ਜਾਵੇ।

ਇੱਕ ਸੋਚ ਇਹ ਵੀ ਏ ਪਈ ਮਾਂ ਬੋਲੀਆਂ ਵਿੱਚ ਸਿੱਖਿਆ ਪਾਠ ਸਮੱਗਰੀ ਦੀ ਘਾਟ ਕਰਕੇ ਵੇ। ਇਸ ਸੋਚ ਦਾ ਕੋਈ ਅਧਾਰ ਨਹੀਂ। ਮਿਸਾਲ ਲਈ, ਪੰਜਾਬੀ ਵਰਗੀਆਂ ਭਾਖਾਵਾਂ ਵਿੱਚ ਹਰ ਵਿਸ਼ੇ ਦੀ ਪਾਠਸਾਲ ਪੱਧਰ ਦੀ ਸਮੱਗਰੀ ਹਾਸਲ ਏ ਪਰ ਮੁੜ ਵੀ ਅੰਗਰੇਜੀ ਮਾਧਿਅਮ ਵਧੀ ਜਾਂਦਾ ਏ। ਦੂਜੇ, ਜਿੱਥੇ ਸਮੱਗਰੀ ਦੀ ਘਾਟ ਏ ਉਹ ਭਾਰਤ ਦੀਆਂ ਸਰਕਾਰਾਂ ਦੀਆਂ ਭਾਖਾ ਨੀਤੀਆਂ ਕਰਕੇ ਵੇ ਨਾ ਕਿ ਭਾਖਾ ਨੀਤੀਆਂ ਸਮੱਗਰੀ ਦੀ ਘਾਟ ਕਰਕੇ ਨੇ। ਪਾਠ ਸਮੱਗਰੀ ਦੀ ਤਿਆਰੀ ਮੂਲ ਤੌਰ 'ਤੇ ਸਰਕਾਰੀ ਪੱਧਰ 'ਤੇ ਹੁੰਦੀ ਏ। ਪਰ ਮੁੜ ਵੀ ਜੇ ਵੱਖ-ਵੱਖ ਵਿਸ਼ਿਆਂ ਦੇ ਜਾਣਕਾਰ ਜਾਤੀ ਪੱਧਰ 'ਤੇ ਪਾਠ ਪੁਸਤਕਾਂ ਲਿਖਣ ਤਾਂ ਸਮੱਗਰੀ ਬਾਰੇ ਕਬੁੱਧੀ ਦਲੀਲ ਨੂੰ ਠੱਲ੍ਹ ਪਵੇਗੀ।

ਭਾਖਾ ਦਾ ਮਸਲਾ ਬੱਸ ਭਾਰੂ ਵਰਗ ਦੇ ਸੁਆਰਥ ਦਾ ਈ ਸਿੱਟਾ ਨਹੀਂ। ਇਤਿਹਾਸੀ ਕਾਰਣਾਂ ਕਰਕੇ ਸਹੀ ਸਮਝ ਬਾਰੇ ਜਾਣਕਾਰੀ ਦੀ ਘਾਟ ਵੀ ਇਸ ਦਾ ਵੱਡਾ ਕਾਰਣ ਏ। ਇਸ ਕਰਕੇ ਸਮਾਜੀ, ਰਾਜਸੀ, ਤੇ ਪ੍ਰਸ਼ਾਸਨੀ ਆਦਿ ਹਰ ਵਰਗ ਨਾਲ ਸੰਬਾਦ ਰਚਾਉਣਾ ਤੇ ਸਹੀ ਸਮਝ ਹਰ ਵਰਗ ਤੱਕ ਪਹੁੰਚਾਉਣੀ ਬੜੀ ਜਰੂਰੀ ਏ।

**ਧੰਨਵਾਦ:** ਇਸ ਲਿਖਤ ਵਿੱਚ ਬੜੇ ਵਿਦਵਾਨਾਂ ਦੀਆਂ ਬੜੀਆਂ ਖੋਜਾਂ ਵਿਚੋਂ ਟੂਕਾਂ ਦਿੱਤੀਆਂ ਗਈਆਂ ਨੇ। ਉਹਨਾਂ ਸਭਨਾਂ ਵਿਦਵਾਨਾਂ ਦਾ ਮੈਂ ਤਹਿਦਿਲੋਂ ਧੰਨਵਾਦ ਕਰਦਾ ਹਾਂ। ਇਹ ਉਹਨਾਂ ਦੀ ਮਿਹਨਤ ਤੇ ਸਿਰੜ ਦਾ ਹੀ ਸਿੱਟਾ ਏ ਪਈ ਮਾਤ ਭਾਖਾਵਾਂ ਨੂੰ ਏਡਾ ਵੱਡਾ ਵਿਚਾਰਧਾਰਾਈ ਬਲ ਮਿਲਦਾ ਪਿਆ ਏ। ਮੈਂ ਇਹ ਲਿਖਤ ਇਹਨਾਂ ਖੋਜੀਆਂ ਨੂੰ ਭੇਂਟ ਕਰਦਾ ਹਾਂ।

**ਸਰਬੱਤ ਦਾ ਭਲਾ!**

## ਦੂਜਾ ਪਾਠ - **ਪੰਜਾਬੀ ਭਾਖਾ ਨੂੰ ਕਿੰਨਾ ਕੁ ਖਤਰਾ**

ਅੰਗਰੇਜਾਂ ਦੇ ਭਾਰਤ ਛੱਡਣ ਤੋਂ ੬੫ ਸਾਲ ਬਾਅਦ ਵੀ (ਇਹ ਲੇਖ ੨੦੧੨ ਵਿੱਚ ਲਿਖਿਆ ਗਿਆ ਸੀ) ਭਾਰਤ ਵਿੱਚ ਹਾਲੇ ਓਹਨਾਂ ਮੁੱਦਿਆਂ 'ਤੇ ਬਹਿਸ ਕਰਨੀ ਪੈਂਦੀ ਪਈ ਏ ਜਿਹੜੇ ਮੁੱਦੇ ਸੁਤੰਤਰਤਾ ਅੰਦੋਲਨ ਦੇ ਆਗੂਆਂ ਨੇ ਅਜਾਦੀ ਤੋਂ ਪਹਿਲਾਂ ਈ ਨਜਿੱਠ ਲਏ ਸਨ ਤੇ ਉਹਨਾਂ 'ਤੇ ਸਪਸ਼ਟ ਨੀਤੀਆਂ ਦੇ ਐਲਾਨ ਕੀਤੇ ਸਨ। ਇਹਨਾਂ ਨੀਤੀਆਂ ਵਿਚੋਂ ਇੱਕ ਖੇਤਰ ਭਾਖਾ ਨੀਤੀ ਦਾ ਸੀ। ਕਾਂਗਰਸ ਪਾਰਟੀ ਨੇ ੧੯੨੯ ਵਿੱਚ ਆਪਣੇ ਲਾਹੌਰ ਸੈਸ਼ਨ ਵਿੱਚ ਈ ਇਸ ਬਾਰੇ ਸਾਫ ਐਲਾਨ ਕੀਤਾ ਸੀ ਪਈ ਅਜਾਦੀ ਤੋਂ ਬਾਅਦ ਭਾਰਤ ਵਿੱਚ ਮਾਤ ਭਾਖਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦਾ ਅਧਾਰ ਬਣਾਇਆ ਜਾਵੇਗਾ ਤੇ ਭਾਰਤੀ ਭਾਖਾਵਾਂ ਨੂੰ ਉਚੇਰੇ ਤੋਂ ਉਚੇਰੇ ਕਾਰਜਾਂ ਦੇ ਸਮਰੱਥ ਬਨਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ। ਸ਼ਹੀਦ ਭਗਤ ਸਿੰਘ ਤਾਂ ੧੫ ਸਾਲ ਦੀ ਉਮਰ ਵਿੱਚ ਹੀ ਇਹ ਸਮਝ ਪ੍ਰਾਪਤ ਕਰ ਚੁੱਕੇ ਸਨ ਤੇ ਲਿਖ ਚੁੱਕੇ ਸਨ ਪਈ 'ਪੰਜਾਬ ਵਿੱਚ ਪੰਜਾਬੀ ਭਾਖਾ ਤੋਂ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ'। ਗਾਂਧੀ ਜੀ ਨੇ ਤਾਂ ੧੯੩੮ ਵਿੱਚ ਈ ਸਾਫ ਆਖਿਆ ਸੀ ਪਈ ''ਖੇਤਰੀ ਭਾਖਾਵਾਂ ਨੂੰ ਉਹਨਾਂ ਦਾ ਹੱਕੀ ਥਾਂ ਦੇਂਦੇ ਹੋਏ ਸਿੱਖਿਆ ਦਾ ਮਾਧਿਅਮ ਹਰ ਹਾਲਤ ਵਿੱਚ ਤੁਰਤ ਬਦਲਿਆ ਜਾਣਾ ਚਾਹੀਦਾ ਏ।'' ਇੱਕ ਹੋਰ ਮੌਕੇ ਉਹਨਾਂ ਆਖਿਆ ਸੀ ਪਈ ਅੰਗਰੇਜੀ ਭਾਖਾ ਦੇ ਹੇਜ ਤੋਂ ਨਿਜਾਤ ਪਾਉਣਾ ਸਵਰਾਜ ਦੇ ਸਭ ਤੋਂ ਜਰੂਰੀ ਉਦੇਸ਼ਾਂ ਵਿਚੋਂ ਇੱਕ ਏ।''

ਅਜਾਦੀ ਤੋਂ ਬਾਅਦ ਕੁਝ ਕੁ ਭਾਰਤੀ ਭਾਖਾਵਾਂ ਦੇ ਵਿਗਾਸ ਲਈ ਕੁਝ ਜਤਨ ਵੀ ਹੋਏ ਤੇ ਇਸ ਦੇ ਸਿੱਖਿਆ ਆਦਿ ਵਿੱਚ ਚੰਗੇ ਨਤੀਜੇ ਵੀ ਮਿਲੇ। ਪਰ ੧੯੮੦ਵਿਆਂ ਦੇ ਨੇੜੇ-ਤੇੜੇ ਇਸ ਸਾਰੇ ਰੁਝਾਨ ਨੂੰ ਪੁੱਠਾ ਗੇੜਾ ਦਿੱਤਾ ਜਾਣ ਲੱਗਾ। ੧੯੯੦ ਤੋਂ ਬਾਅਦ ਤੋਂ ਤਾਂ ਅੰਗਰੇਜੀ ਭਾਖਾ ਨੇ ਭਾਰਤੀ ਮਾਤ ਭਾਖਾਵਾਂ ਨੂੰ ਸਿੱਖਿਆ 'ਚੋਂ ਪੂਰੀ ਤਰ੍ਹਾਂ ਈ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਪਿਛਲੀ ਸਦੀ ਦੇ ਖਤਮ ਹੁੰਦਿਆਂ ਈ ਅਜਿਹੀਆਂ ਹਾਲਤਾਂ ਪੈਦਾ ਹੋ ਗਈਆਂ ਪਈ ਪੰਜਾਬੀ ਵਰਗੀ ਪੁਰਾਣੀ ਤੇ ਵਿਗਸੀ ਭਾਖਾ ਦੀ ਹੋਂਦ ਖਤਰੇ ਵਿੱਚ ਪੈਣ ਬਾਰੇ ਵੀ ਚਿੰਤਾ ਭਰੇ ਬਿਆਨ ਸਾਹਮਣੇ ਆਉਣ ਲੱਗੇ। ੨੧ਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਕੁ 'ਚ ਅਖਬਾਰਾਂ ਵਿੱਚ ਅਜਿਹੇ ਬਿਆਨ ਛਪਣ ਲੱਗੇ ਪਈ ਸੰਜੁਗਤ ਰਾਸ਼ਟਰ ਸੰਘ ਦੀ ਸਿੱਖਿਆ, ਸੱਭਿਆਚਾਰ ਤੇ ਸਮਾਜੀ ਮਾਮਲਿਆਂ ਬਾਰੇ ਅਜੰਸੀ ਯੂਨੈਸਕੋ (UNESCO) ਨੇ ਆਪਣੀ ਪੜਤਾਲ-ਲਿਖਤ ਵਿੱਚ ਆਖਿਆ ਏ ਪਈ ਪੰਜਾਬੀ ੫੦ ਸਾਲਾਂ ਵਿੱਚ ਅਲੋਪ ਹੋ ਜਾਣ ਵਾਲੀ ਹੈ।

ਯੂਨੈਸਕੋ ਨੇ ਪੰਜਾਬੀ ਬਾਰੇ ਤਾਂ ਅਜਿਹਾ ਕੋਈ ਬਿਆਨ ਨਹੀਂ ਸੀ ਦਿੱਤਾ, ਪਰ ਯੂਨੈਸਕੋ ਨੇ ਕੁਝ ਅਜਿਹੀਆਂ ਕਸੌਟੀਆਂ ਤੈਅ ਕੀਤੀਆਂ ਸਨ ਜਿਨ੍ਹਾਂ ਦੇ ਅਧਾਰ 'ਤੇ ਕਿਸੇ ਭਾਖਾ ਨੂੰ ਦਰਪੇਸ਼ ਖਤਰਿਆਂ ਬਾਰੇ ਵਿਗਿਆਨਵੀ ਢੰਗ ਨਾਲ ਨਿਰਣਾ ਕੀਤਾ ਜਾ ਸੱਕਦਾ ਏ [੧]। ਖਵਰੇ ਇਹਨਾਂ ਕਸੌਟੀਆਂ ਦੇ ਅਧਾਰ 'ਤੇ ਈ ਇਹ ਪ੍ਰਭਾਵ ਬਣਿਆ ਸੀ ਪਈ ਪੰਜਾਬੀ ਭਾਖਾ ਦਾ ਭਲਕ ਚੰਗਾ ਨਹੀਂ। ਅਜਿਹੇ ਪ੍ਰਭਾਵ 'ਚੋਂ ਪੈਦਾ ਹੋਏ ਬਿਆਨਾਂ ਦੇ ਸਾਹਮਣੇ ਆਉਣ ਦੇ ਸਮੇਂ ਤੋਂ ਪੰਜਾਬੀ ਬਾਰੇ ਇਹ ਚਰਚਾ ਲਗਾਤਾਰ ਚੱਲਦੀ ਪਈ ਏ ਪਈ ਪੰਜਾਬੀ ਭਾਖਾ ਦਾ ਭਵਿੱਖ ਕੀ ਏ।

ਭਾਵੇਂ ਕਿ ਯੂਨੈਸਕੋ ਨੇ ਪੰਜਾਬੀ ਬਾਰੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਪਰ ਇਹ ਤੱਥ ਆਪਣੇ-ਆਪ ਵਿੱਚ ਬੜੀ ਮਹੱਤਾ ਵਾਲਾ ਏ ਪਈ ਪੰਜਾਬੀ ਬਾਰੇ ਅਜਿਹਾ ਪ੍ਰਭਾਵ ਬਣ ਸੱਕਦਾ ਏ ਪਈ ਪੰਜਾਬੀ ਨੂੰ ਵੀ ਯੂਨੈਸਕੋ ਦੀ ਭਾਖਾਵਾਂ ਦੇ ਅਲੋਪ ਹੋਣ ਬਾਰੇ ਸੂਚੀ ਨਾਲ ਜੋੜਿਆ ਜਾ ਸੱਕਦਾ ਹੋਵੇ। ਸੋ, ਅਜਿਹੀ ਸਥਿਤੀ ਵਿੱਚ ਇਹ ਪੰਜਾਬੀਆਂ ਸਾਹਮਣੇ ਲਿਆਉਣਾ ਜਰੂਰੀ ਹੋ ਜਾਂਦਾ ਏ ਪਈ ਕਿਸੇ ਭਾਖਾ ਦੀ ਹਾਲਤ ਬਾਰੇ ਨਿਰਣਾ ਕਰਨ ਲਈ ਕੀ ਕਸੌਟੀਆਂ ਨੇ ਤੇ ਇਹਨਾਂ ਕਸੌਟੀਆਂ ਦੇ ਅਧਾਰ 'ਤੇ ਪੰਜਾਬੀ ਭਾਖਾ ਦੀ ਕੀ ਹਾਲਤ ਏ [੨]।

ਕਿਸੇ ਭਾਖਾ ਦੇ ਤਗੜੀ ਜਾਂ ਕਮਜੋਰ ਅਵਸਥਾ ਦਾ ਪਤਾ ਲਾਉਣ ਲਈ ਯੂਨੈਸਕੋ ਦੇ ੨੦੦੩ ਵਿੱਚ ਛਾਪੇ ਦਸਤਾਵੇਜ ('ਭਾਖਾਈ ਪ੍ਰਾਣਸ਼ਕਤੀ ਅਤੇ ਖਤਰੇ ਦੀ ਅਵਸਥਾ') ਵਿੱਚ ਹੇਠਲੇ ੯ ਕਾਰਕ ਦਿੱਤੇ ਗਏ ਨੇ, ਜਿਨ੍ਹਾਂ ਦੇ ਅਧਾਰ 'ਤੇ ਕਿਸੇ ਭਾਖਾ ਦੀ ਤਾਕਤ ਜਾਂ ਉਸ 'ਤੇ ਮੰਡਰਾਉਂਦੇ ਸੰਕਟ ਨੂੰ ਅੰਕਿਆ ਜਾ ਸੱਕਦਾ ਏ [੩]।

1. ਪੀੜ੍ਹੀਓ-ਪੀੜ੍ਹੀ ਸੰਚਾਰ
2. ਬੁਲਾਰਿਆਂ ਦੀ ਗਿਣਤੀ
3. ਕੁੱਲ ਅਬਾਦੀ ਵਿੱਚ ਬੁਲਾਰਿਆਂ ਦਾ ਅਨੁਪਾਤ
4. ਭਾਖਾਈ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ
5. ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ
6. ਭਾਖਾਈ ਸਿੱਖਿਆ ਤੇ ਸਾਖਰੀ ਲਈ ਸਮੱਗਰੀ ਹਾਸਲ ਹੋਣਾ
7. ਸਰਕਾਰਾਂ ਤੇ ਸੰਸਥਾਵਾਂ ਦਾ ਭਾਖਾ ਵੱਲ ਵਤੀਰਾ ਤੇ ਨੀਤੀਆਂ (ਸਰਕਾਰੀ ਰੁਤਬੇ ਤੇ ਵਰਤੋਂ **ਸਣੇ**)

8. ਭਾਖਾਈ ਸਮੂਹ ਵੱਲੋਂ ਆਪਣੀ ਭਾਖਾ ਵੱਲ ਵਤੀਰਾ
9. ਭੰਡਾਰਣ (documentation) ਦੀ ਕਿਸਮ ਤੇ ਗੁਣ-ਪੱਧਰ

ਯੂਨੈਸਕੋ ਦੀ ਇਸ ਪੜਤਾਲ-ਲਿਖਤ ਅਨੁਸਾਰ ਕਿਸੇ ਵੀ ਭਾਖਾ 'ਤੇ ਖਤਰੇ ਨੂੰ ਉਤਲੇ ਨੌਂ ਕਾਰਕਾਂ ਦੇ ਅਧਾਰ ‘ਤੇ ਹੇਠਲੇ ਛੇ ਦਰਜਿਆਂ ਵਿੱਚ ਵੰਡਿਆ ਜਾ ਸੱਕਦਾ ਏ (ਵੇਖੋ, ਯੂਨੈਸਕੋ ੨੦੦੩:੮):

1. ਅਲੋਪ ਹੋਣ ਦਾ ਕੋਈ ਖਤਰਾ ਨਹੀਂ।
2. ਅਲੋਪ ਹੋਣ ਦਾ ਖਤਰਾ ਹੈ।
3. ਅਲੋਪ ਹੋਣ ਦਾ ਗੰਭੀਰ ਖਤਰਾ ਹੈ।
4. ਅਲੋਪ ਹੋਣ ਦਾ ਬੜਾ ਗੰਭੀਰ ਖਤਰਾ ਹੈ।
5. ਅਲੋਪ ਹੋਣ ਵਾਲੀ ਹੈ।
6. ਅਲੋਪ ਹੋ ਚੁੱਕੀ ਹੈ।

ਯੂਨੈਸਕੋ ਦੀ ਇਸ ਲਿਖਤ ਅਨੁਸਾਰ ਕਿਸੇ ਵੀ ਭਾਖਾ ਨੂੰ ਪਿੱਛੇ ਦਿੱਤੇ ਨੌਂ ਕਾਰਕਾਂ 'ਚੋਂ ਹਰ ਕਾਰਕ ਦੇ ਅਧਾਰ 'ਤੇ ਉਤਲੀਆਂ ਛੇ ਅਵਸਥਾਵਾਂ ਵਿਚੋਂ ਇੱਕ ਵਿੱਚ ਰੱਖਿਆ ਜਾ ਸੱਕਦਾ ਏ। ਸਬੰਧਤ ਕਾਰਕਾਂ ਤੇ ਸਬੰਧਤ ਅਵਸਥਾਵਾਂ ਦੇ ਸਬੰਧ ਦਾ ਵੇਰਵਾ ਅੱਗੇ ਦਿੱਤਾ ਗਿਆ ਏ ਤੇ ਇਹਨਾਂ ਅਧਾਰਾਂ 'ਤੇ ਪੰਜਾਬੀ ਭਾਖਾ ਦੀ ਸਥਿਤੀ ਨੂੰ ਅੰਕਿਆ ਗਿਆ ਹੈ।

**ਕਾਰਕ-੧: ਪੀੜ੍ਹੀਓਂ-ਪੀੜ੍ਹੀ ਸੰਚਾਰ ਤੇ ਪੰਜਾਬੀ ਭਾਖਾ:**

| **ਗਿਣਨ ਅੰਕ** | **ਖਤਰੇ ਦਾ ਪੱਧਰ** | **ਦਰਜਾ ਅੰਕ** | **ਸੰਚਾਰ ਦੀ ਸਥਿਤੀ** |
|---|---|---|---|
| ।.੧ | ਅਲੋਪ ਹੋਣ ਦਾ ਕੋਈ ਖਤਰਾ ਨਹੀਂ | ੫ | ਕੋਈ ਵੀ ਭਾਖਾ ਖਤਰੇ ਤੋਂ ਬਾਹਰ ਏ ''ਜੇ ਸਾਰੀਆਂ ਪੀੜ੍ਹੀਆਂ ਉਸ ਦੀ ਵਰਤੋਂ ਕਰਦੀਆਂ ਪਈਆਂ ਨੇ ਤੇ ਕਿਸੇ ਹੋਰ ਭਾਖਾ ਦਾ ਦਖਲ ਨਹੀਂ।'' |
| ।.੧.੧ | ਟਿਕਾਊ ਪਰ ਭਾਰੀ ਦਬਾਅ ਹੇਠ | ੪½ | “ਇਹ ਉਹ ਅਵਸਥਾ ਏ ਜਦੋਂ ਸਾਰੀਆਂ ਪੀੜ੍ਹੀਆਂ ਸਾਰੇ ਖੇਤਰਾਂ ਵਿੱਚ ਆਪਣੀ ਭਾਖਾ ਦੀ ਵਰਤੋਂ ਕਰਦੀਆਂ ਨੇ ਪਰ ''ਕੋਈ ਹੋਰ ਭਾਖਾ ਕੁਝ ਖਾਸ ਖੇਤਰਾਂ ਨੂੰ ਹਥਿਆ ਚੁੱਕੀ ਏ।'' |
| ।.੨ | ਅਲੋਪ ਹੋਣ ਦਾ ਖਤਰਾ ਏ | ੪ | ''ਜੁੱਟ ਦੇ ਬਹੁਤੇ ਬੱਚੇ ਜਾਂ ਪਰਿਵਾਰ ਆਪਣੀ ਭਾਖਾ ਪਹਿਲੀ ਭਾਖਾ ਵੱਜੋਂ ਬੋਲਦੇ ਨੇ ਤੇ ਕੁਝ ਨਹੀਂ ਬੋਲਦੇ, ਪਰ ਇਹ ਵਰਤੋਂ ਕੁਝ ਵਿਸ਼ੇਸ਼ ਸਮਾਜੀ ਘੇਰਿਆਂ ਤੱਕ ਸੁੰਗੜ ਜਾਂਦੀ ਏ (ਜਿਵੇਂ ਕਿ ਪਰਿਵਾਰ ਵਿੱਚ)।'' |
| ।.੩ | ਅਲੋਪ ਹੋਣ ਦਾ ਗੰਭੀਰ ਖਤਰਾ | ੩ | ''ਬੱਚੇ ਘਰ ਵਿੱਚ ਆਪਣੀ ਭਾਖਾ ਸਿੱਖਣਾ ਬੰਦ ਕਰ ਚੁੱਕੇ ਨੇ। ਸਿਰਫ ਮਾਪੇ ਈ ਆਪਣੀ ਭਾਖਾ ਬੋਲਦੇ ਨੇ ਪਰ ਜਰੂਰੀ ਨਹੀਂ ਪਈ ਬੱਚੇ ਆਪਣੀ ਭਾਖਾ ਵਿੱਚ ਈ ਜੁਆਬ ਦੇਣ।'' |
| ।.੪ | ਅਲੋਪ ਹੋਣ ਦਾ ਬੜਾ ਗੰਭੀਰ ਖਤਰਾ | ੨ | ''ਦਾਦੇ-ਦਾਦੀਆਂ ਤੇ ਬਜੁਰਗ ਪੀੜ੍ਹੀਓ ਈ ਆਪਣੀ ਭਾਖਾ ਬੋਲਦੀ ਏ। ਮਾਂ-ਪਿਉ ਦੀ ਪੀੜ੍ਹੀ ਆਪਣੀ ਭਾਖਾ ਸਮਝਦੀ ਤਾਂ ਹੈ ਵੇ ਪਰ ਬੱਚਿਆਂ ਨਾਲ ਇਸ ਵਿੱਚ ਗੱਲ ਨਹੀਂ ਕਰਦੀ।'' |
| ।.੫ | ਅਲੋਪ ਹੋਣ ਵਾਲੀ ਏ | ੧ | ''ਆਪਣੀ ਭਾਖਾ ਦੇ ਸਭ ਤੋਂ ਛੋਟੀ ਉਮਰ ਦੇ ਵਿਅਕਤੀ ਪੜਦਾਦੇ-ਪੜਦਾਦੀਆਂ ਈ ਨੇ। ਉਹਨਾਂ ਨੂੰ ਆਪਣੀ ਭਾਖਾ ਕੁਝ ਯਾਦ ਤਾਂ ਹੈ ਪਰ ਇਸ ਦੀ ਵਰਤੋਂ ਨਹੀਂ ਕਰਦੇ ਕਿਉਂਕਿ ਕੋਈ ਹੈ ਈ ਨਹੀਂ ਜਿਸ ਨਾਲ ਉਹ ਬੋਲ ਸੱਕਣ।'' |
| ।.੬ | ਅਲੋਪ ਹੋ ਚੁੱਕੀ ਏ | ੦ | ''ਇੱਕ ਵੀ ਵਿਅਕਤੀ ਨਹੀਂ ਏਂ ਜਿਹੜਾ ਆਪਣੀ ਭਾਖਾ ਬੋਲ ਜਾਂ ਸਮਝ ਸੱਕਦਾ ਹੈ।'' |

ਵੱਖ-ਵੱਖ ਭੂਗੋਲੀ-ਭਾਖਾਈ ਪ੍ਰਸੰਗਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਮੋਟੇ ਤੌਰ 'ਤੇ ਹੇਠਲੇ ਵਰਗਾਂ ਵਿੱਚ ਵੰਡਿਆ ਜਾ ਸੱਕਦਾ ਏ:

1. ਭਾਰਤੀ ਪੰਜਾਬ ਵਿੱਚ ਰਹਿੰਦੇ ਪੰਜਾਬੀ।
2. ਪਾਕਿਸਤਾਨੀ ਪੰਜਾਬ ਵਿੱਚ ਰਹਿੰਦੇ ਪੰਜਾਬੀ।

3. ਦੁਹਾਂ ਪੰਜਾਬਾਂ ਤੋਂ ਬਾਹਰਲੇ ਭਾਰਤੀ ਤੇ ਪਾਕਿਸਤਾਨੀ ਰਾਜਾਂ ਵਿੱਚ ਰਹਿੰਦੇ ਪੰਜਾਬੀ।
4. ਪਰਦੇਸਾਂ ਵਿੱਚ ਰਹਿੰਦੇ ਪੰਜਾਬੀ। (ਪਰਦੇਸਾਂ ਤੋਂ ਭਾਵ ਕਨੇਡਾ, ਇੰਗਲੈਂਡ, ਅਮਰੀਕਾ, ਮਲੇਸ਼ੀਆ ਜਿਹੇ ਦੇਸਾਂ ਤੋਂ ਏ ਜਿੱਥੇ ਪੰਜਾਬੀ ਅਬਾਦੀ ਵਾਹਵਾ ਗਿਣਤੀ ਵਿੱਚ ਏ)।

ਪਰ ਇੱਕ ਗੱਲ ਇਹਨਾਂ ਚਹੁੰਆਂ ਵਰਗਾਂ ਦੇ ਪੰਜਾਬੀਆਂ ਵਿੱਚ ਸਾਂਝੀ ਏ ਪਈ ਇਨ੍ਹਾਂ ਚਹੁੰਆਂ ਈ ਵਰਗਾਂ ਦੇ ਬੱਚਿਆਂ ਦੇ ਜੀਵਨ ਵਿੱਚ ਕੋਈ ਹੋਰ ਭਾਰੂ ਭਾਖਾ ਘੱਟ-ਵੱਧ ਮਾਤਰਾ ਵਿੱਚ ਦਖਲ ਦੇ ਚੁੱਕੀ ਏ।

ਪਰਦੇਸਾਂ ਵਿੱਚ ਵੱਸਦੇ ਪੰਜਾਬੀਆਂ ਦੇ ਬੱਚੇ ਪੰਜਾਬੀ ਦੀ ਵਰਤੋਂ ਲਗਭਗ ਬੱਸ ਅਣ-ਰਸਮੀ ਖੇਤਰਾਂ (domains) ਵਿੱਚ (ਪਰਿਵਾਰ ਤੇ ਸਮਾਜੀ ਇਕੱਠਾਂ ਵੇਲੇ) ਈ ਕਰਦੇ ਨੇ। ਪਰਦੇਸੀ ਪੰਜਾਬੀਆਂ ਦੇ ਬਹੁਤ ਬੱਚੇ ਤਾਂ ਪੰਜਾਬੀ ਦੀ ਘੱਟ ਮੁਹਾਰਤ ਕਰਕੇ ਅਣ-ਰਸਮੀ ਖੇਤਰਾਂ ਵਿੱਚ ਵੀ ਪੰਜਾਬੀ ਦੀ ਵਰਤੋਂ ਛੱਡਦੇ ਜਾਂਦੇ ਪਏ ਨੇ। ਕਨੇਡਾ ਤੇ ਇੰਗਲੈਂਡ ਵਿੱਚ ਰੇਡੀਓ, ਅਖਬਾਰਾਂ ਤੇ ਸਾਹਿਤ ਦੇ ਖੇਤਰਾਂ ਵਿੱਚ ਪੰਜਾਬੀ ਦੀ ਕੁਝ ਵਰਤੋਂ ਹੁੰਦੀ ਪਈ ਏ ਪਰ ਇਹਨਾਂ ਦੇਸਾਂ ਵਿੱਚ ਵੀ ਨੌਜੁਆਨ ਪੀੜ੍ਹੀ ਇਹਨਾਂ ਰਸਮੀ ਖੇਤਰਾਂ ਨਾਲ ਕੋਈ ਜਿਆਦਾ ਜੁੜੀ ਹੋਈ ਨਹੀਂ ਲੱਗਦੀ। ਇਹਨਾਂ ਭੁਗੋਲੀ ਖੇਤਰਾਂ ਵਿੱਚ ਸਿੱਖਿਆ ਵਿੱਚ ਵੀ ਪੰਜਾਬੀ ਇੱਕ ਵਿਸ਼ੇ ਵੱਜੋਂ ਕਿਧਰੇ-ਕਿਧਰੇ ਪੜ੍ਹਾਈ ਜਾਂਦੀ ਪਈ ਏ।

ਭਾਵੇਂ ਭਾਖਾਈ ਮਸਲੇ ਦਾ ਗਣਿਤੀ ਰੂਪ ਵਿੱਚ ਅੰਕਣ ਸੰਭਵ ਨਹੀਂ ਹੁੰਦਾ, ਪਰ ਮੁੜ ਵੀ ਮੋਟੇ ਤੌਰ ਤੇ ਆਖਿਆ ਜਾ ਸੱਕਦਾ ਏ ਪਈ ਪਰਦੇਸਾਂ ਵਿੱਚ ਰਹਿੰਦੇ ਪਏ ਪੰਜਾਬੀਆਂ ਵਿੱਚ ਪੰਜਾਬੀ ਭਾਖਾ ਦੇ ਅਗਲੀ ਪੀੜ੍ਹੀ ਤੱਕ ਸੰਚਾਰ ਵਿੱਚ ਗੰਭੀਰ ਕਠਿਨਾਈਆਂ ਪੇਸ਼ ਨੇ। ਇਸ ਲਈ ਜਿੱਥੋਂ ਤੱਕ ਪੀੜ੍ਹੀਓ-ਪੀੜ੍ਹੀ ਸੰਚਾਰ ਦਾ ਸੁਆਲ ਏ, ਪਰਦੇਸੀ ਪੰਜਾਬੀਆਂ ਵਿੱਚ ਪੰਜਾਬੀ ਖਤਰੇ ਦੇ ੨ਜੇ ਦਰਜੇ (ਖਤਮ ਹੋਣ ਦਾ ਖਤਰਾ) ਦੇ ਨੇੜੇ-ਤੇੜੇ ਰੱਖੀ ਜਾ ਸੱਕਦੀ ਏ।

ਪੰਜਾਬਾਂ ਤੋਂ ਬਾਹਰਲੇ ਭਾਰਤੀ ਤੇ ਪਾਕਿਸਤਾਨੀ ਰਾਜਾਂ ਵਿੱਚ ਪੰਜਾਬੀ ਦੀ ਹਾਲਤ ਪਰਦੇਸਾਂ ਨਾਲੋਂ ਬਹੁਤੀ ਵੱਖਰੀ ਨਹੀਂ ਲੱਗਦੀ। ਮਤਲਬ, ਨੌਜੁਆਨ ਪੀੜ੍ਹੀ ਵਿੱਚ ਪੰਜਾਬੀ ਦੀ ਵਰਤੋਂ ਲਗਭਗ ਅਣ-ਰਸਮੀ ਖੇਤਰਾਂ ਤੱਕ ਹੀ ਸੀਮਤ ਏ। ਭਾਰਤ ਦੇ ਹਰਿਆਣਾ ਤੇ ਦਿੱਲੀ ਰਾਜਾਂ ਵਿੱਚ ਪੰਜਾਬੀ ਅੱਧੇ-ਅਧੂਰੇ ਢੰਗ ਨਾਲ ਕਿਧਰੇ-ਕਿਧਰੇ ਸਕੂਲਾਂ ਵਿੱਚ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਪਈ ਏ। ਦੂਜੇ ਭਾਰਤੀ ਰਾਜਾਂ ਵਿੱਚ ਸਿੱਖ ਧਰਮੀ ਹਲਕਿਆਂ ਦੇ ਨਿੱਜੀ ਜਤਨਾਂ ਨਾਲ ਪੰਜਾਬੀ ਦੀ ਥੋੜ੍ਹੀ ਬੁਹਤ ਸਿੱਖਿਆ ਦਿੱਤੀ ਜਾ ਰਹੀ ਏ। ਇਸ ਲਿਖਾਰੀ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਪਈ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਰਾਜਾਂ ਵਿੱਚ ਪੰਜਾਬੀ ਕਿਧਰੇ ਰਸਮੀ ਜਾਂ ਅਣ-ਰਸਮੀ ਤੌਰ 'ਤੇ ਪੜ੍ਹਾਈ ਜਾਂਦੀ ਪਈ ਹੋਵੇ। ਕਈ ਮਾਅਨਿਆਂ ਵਿੱਚ ਭਾਰਤ ਤੇ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਰਾਜਾਂ ਵਿੱਚ (ਦਿੱਲੀ ਤੇ ਹਰਿਆਣਾ ਨੂੰ ਛੱਡ ਕੇ) ਪੰਜਾਬੀ ਦੀ ਹਾਲਤ ਪਰਦੇਸਾਂ ਨਾਲੋਂ ਵੀ ਮਾੜੀ ਏ। ਪਰਦੇਸਾਂ ਵਿੱਚ ਪੰਜਾਬੀ ਨੂੰ ਇਹਨਾਂ ਰਾਜਾਂ ਨਾਲੋਂ ਵਧੇਰੇ ਸਰਕਾਰੀ ਸਰਪ੍ਰਸਤੀ ਵੀ ਹਾਸਲ ਏ ਤੇ ਪਰਦੇਸਾਂ ਵਿੱਚ ਵੱਸਦੇ ਪੰਜਾਬੀਆਂ ਵਿੱਚ ਪੰਜਾਬੀ ਭਾਖਾ ਪ੍ਰਤੀ ਚੇਤਨਤਾ ਦਾ ਪੱਧਰ ਤੇ ਜਤਨ ਵੀ ਕੁਝ ਹਲਕਿਆਂ ਵਿੱਚ ਬਿਹਤਰ ਲੱਗਦੇ ਨੇ। ਸੋ, ਪੀੜ੍ਹੀਓ-ਪੀੜ੍ਹੀ ਸੰਚਾਰ ਦੇ ਨਜਰੀਏ ਤੋਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਪਈ ਭਾਰਤ ਤੇ ਪਾਕਿਸਤਾਨ ਦੇ ਪੰਜਾਬੋਂ ਬਾਹਰਲੇ ਰਾਜਾਂ ਵਿੱਚ ਵੀ ਪੰਜਾਬੀ ਨੂੰ ਖਤਰੇ ਦਾ ਦਰਜਾ ਪਰਦੇਸਾਂ ਵਾਲਾ ਈ ਏ (੨ਜਾ ਦਰਜਾ- ਖਤਮ ਹੋਣ ਦਾ ਖਤਰਾ)।

ਪੀੜ੍ਹੀਓ-ਪੀੜ੍ਹੀ ਸੰਚਾਰ ਦੇ ਪ੍ਰਸੰਗ ਤੋਂ ਭਾਰਤੀ ਤੇ ਪਾਕਿਸਤਾਨੀ ਪੰਜਾਬਾਂ ਵਿੱਚ ਪੰਜਾਬੀ ਦੀ ਹਾਲਤ ਦੂਜੇ ਰਾਜਾਂ ਨਾਲੋਂ ਤੇ ਪਰਦੇਸਾਂ ਨਾਲੋਂ ਬੜੀ ਬਿਹਤਰ ਏ। ਪਰ ਏਥੇ ਵੀ ਨੌਜੁਆਨ ਪੀੜ੍ਹੀ ਦੇ ਜੀਵਨ ਵਿੱਚ ਹੋਰ ਭਾਖਾਵਾਂ ਦਾ ਦਖਲ ਵਧਦਾ ਜਾਂਦਾ ਪਿਆ ਏ।

ਪਾਕਿਸਤਾਨੀ ਪੰਜਾਬ ਵਿੱਚ ਸਿੱਖਿਆ ਵਿੱਚ ਪੰਜਾਬੀ ਦੀ ਥਾਂ ਲਗਭਗ ਸਿਫਰ ਦੇ ਬਰਾਬਰ ਏ ਤੇ ਸਿੱਖਿਆ ਪੂਰੀ ਤਰ੍ਹਾਂ ਉਰਦੂ ਜਾਂ ਅੰਗਰੇਜੀ ਵਿੱਚ ਹੁੰਦੀ ਏ। ਰਸਮੀ ਖੇਤਰਾਂ ਵਿੱਚ ਪੰਜਾਬੀ ਬੱਸ ਟੈਲੀਵਿਜਨ ਤੇ ਰਸਾਲਿਆਂ ਵਿੱਚ ਈ ਲੱਭਦੀ ਏ, ਪਰ ਓਥੇ ਵੀ ਇਜਾਰੇਦਾਰੀ ਉਰਦੂ ਦੀਓ ਈ ਏ। ਅਜਿਹੀਆਂ ਪੜਤਾਲਾਂ ਵੀ ਨੇ ਪਈ ਅਣ-ਰਸਮੀ ਖੇਤਰਾਂ ਵਿੱਚ ਵੀ ਉਰਦੂ ਦਾ ਦਖਲ ਵੱਡੀ ਪੱਧਰ 'ਤੇ ਹੁੰਦਾ ਪਿਆ ਏ। ਇੰਵ ਪਾਕਿਸਤਾਨੀ ਪੰਜਾਬ ਦੀ ਨੌਜੁਆਨ ਪੀੜ੍ਹੀ ਵਿੱਚ ਪੰਜਾਬੀ ਦਾ ਸੰਚਾਰ ਕੁਝ ਭਾਖਾਈ ਹੱਦਾਂ ਦੇ ਅੰਦਰ-ਅੰਦਰ ਈ ਹੁੰਦਾ ਪਿਆ ਏ। ਸੋ, ੩ਜੇ ਪੜਾਅ (ਅਲੋਪ ਹੋਣ ਦਾ ਖਤਰਾ) ਤੋਂ ਬਹੁਤੀ ਦੂਰ ਨਹੀਂ ਲੱਗਦੀ।

ਭਾਰਤੀ ਪੰਜਾਬ ਵਿੱਚ ਪੰਜਾਬੀ ਦਾ ਪੀੜ੍ਹੀਓ-ਪੀੜ੍ਹੀ ਸੰਚਾਰ ਚੰਗਾ ਜਰੂਰ ਏ ਪਰ ਆਦਰਸ਼ੀ ਰੂਪ ਵਿੱਚ ਏਥੇ ਵੀ ਨਹੀਂ। ਬੜੇ ਖੇਤਰ ਨੇ ਜਿੱਥੇ ਪੰਜਾਬੀ ਦੀ ਵਰਤੋਂ ਨਹੀਂ ਹੁੰਦੀ ਪਈ ਜਾਂ ਘਟਦੀ ਪਈ ਏ। ਇਹਨਾਂ ਵਿੱਚੋਂ ਸਭ ਤੋਂ ਵੱਡਾ ਖੇਤਰ ਪਾਠਸਾਲ ਸਿੱਖਿਆ ਦਾ ਏ। ਭਾਰੂ ਵਰਗ ਦੇ ਲਗਭਗ ਸਾਰੇ ਬੱਚੇ ਅਰੰਭ ਤੋਂ ਈ ਅੰਗਰੇਜੀ ਮਾਧਿਅਮ ਸਕੂਲਾਂ ਵਿੱਚ ਜਾਂਦੇ ਪਏ ਨੇ। ਇਹਨਾਂ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਵੱਜੋਂ ਅਧੂਰੇ ਜਿਹੇ ਢੰਗ ਨਾਲ ਈ ਪੜ੍ਹਾਈ ਜਾਂਦੀ ਏ। ਜਿਵੇਂ ਕਿ ਇਸ ਪੋਥੀ ਦੇ ਪਹਿਲੇ ਪਾਠ ਵਿੱਚ ਪਹਿਲਾਂ ਈ ਆਖਿਆ ਗਿਆ ਏ, ਇਹਨਾਂ ਪਾਠਸਾਲਾਂ 'ਚੋਂ ਨਿਕਲਦੇ ਬੱਚਿਆਂ ਨੂੰ ਪੰਜਾਬੀ ਮਾਤ ਭਾਖੀ ਬੱਚੇ ਆਖਣਾ ਵੀ ਠੀਕ ਨਹੀਂ ਕਿਉਂਕਿ ਸਕੂਲੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਤੱਕ ਇਹਨਾਂ ਬੱਚਿਆਂ ਦੀ ਭਾਖਾਈ ਸਮਰੱਥਾ ਪੰਜਾਬੀ ਭਾਖਾ ਨਾਲੋਂ ਅੰਗਰੇਜੀ ਭਾਖਾ ਵਿੱਚ ਬਿਹਤਰ ਹੁੰਦੀ ਏ। (ਇਹ ਵੱਖਰੀ ਗੱਲ ਏ ਪਈ ਹੁੰਦੀ ਉਹ ਵੀ ਸੀਮਤ ਜਿਹੀਓ ਈ ਏ)।

ਸੋ, ਭਾਰਤੀ ਪੰਜਾਬ ਵਿੱਚ ਵੀ ਅਗਲੀ ਪੀੜ੍ਹੀ ਵਿੱਚ ਪੰਜਾਬੀ ਭਾਖਾ ਦਾ ਸਫਲ ਸੰਚਾਰ ਵੱਡੇ ਦਬਾਵਾਂ ਹੇਠ ਏ [੪]।

**ਕਾਰਕ-੨: ਬੁਲਾਰਿਆਂ ਦੀ ਗਿਣਤੀ :** ਅਜਿਹੀ ਕੋਈ ਨਿਸਚਤ ਗਿਣਤੀ ਨਹੀਂ ਏਂ ਜਿਸ ਦੇ ਅਧਾਰ 'ਤੇ ਕਿਸੇ ਭਾਖਾ ਨੂੰ ਖਤਮ ਹੋਣ ਦੇ ਖਤਰੇ ਤੋਂ ਖਾਲੀ ਸਮਝ ਲਿਆ ਜਾਵੇ। ਇਹ ਜਰੂਰ ਏ ਪਈ ਬੁਲਾਰਿਆਂ ਦੀ ਵੱਡੀ ਗਿਣਤੀ ਕਿਸੇ ਭਾਖਾ ਦੇ ਜੀਵਨ ਨੂੰ ਖਤਰੇ ਨੂੰ ਘਟਾਉਂਦੀ ਏ। ਗਿਣਤੀ ਦੇ ਪ੍ਰਸੰਗ ਤੋਂ ਵੇਖਿਆ ਜਾਵੇ ਤਾਂ ਪੰਜਾਬੀ ਦੁਨੀਆਂ ਦੀਆਂ ਵੱਡੀਆਂ ਭਾਖਾਵਾਂ ਵਿਚੋਂ ਏਂ। ਪੰਜਾਬੀ ਦੇ ਬੁਲਾਰਿਆਂ ਦੀ ਅਸਲ ਗਿਣਤੀ ੧੪ ਕਰੋੜ ਦੇ ਲਗਭਗ ਏ। ਇੰਞ ਪੰਜਾਬੀ ਦੁਨੀਆਂ ਦੀ ੯ਵੇਂ ਤੋਂ ੧੦ਵੇਂ ਨੰਬਰ ਦੀ ਭਾਖਾ ਏ। ਸੋ, ਬੁਲਾਰਿਆਂ ਦੀ ਗਿਣਤੀ ਪੰਜਾਬੀ ਭਾਖਾ ਦੀ ਵੱਡੀ ਤਾਕਤ ਏ।

**ਕਾਰਕ-੩: ਕੁੱਲ ਭਾਖਾਈ ਅਬਾਦੀ ਵਿੱਚ ਬੁਲਾਰਿਆਂ ਦੀ ਗਿਣਤੀ ਦਾ ਅਨੁਪਾਤ:** ਕਿਸੇ ਖੇਤਰ ਦੀ ਕੁੱਲ ਅਬਾਦੀ ਵਿਚੋਂ ਕਿੰਨੇ ਲੋਕ ਆਪਣੀ ਭਾਖਾ ਬੋਲਦੇ ਨੇ ਇਹ ਕਿਸੇ ਭਾਖਾ ਦੀ ਪ੍ਰਾਣਸ਼ਕਤੀ ਦਾ ਵੱਡਾ ਸੰਕੇਤ ਦੇਂਦਾ ਏ। ਪੰਜਾਬੀ ਦੇ ਪ੍ਰਸੰਗ ਵਿੱਚ ਕੁੱਲ ਅਬਾਦੀ ਨੂੰ ਦੋ ਤਰ੍ਹਾਂ ਵੇਖਿਆ ਜਾ ਸੱਕਦਾ ਏ। ਇੱਕ ਤਾਂ ਭੁਗੋਲੀ ਖੇਤਰ (ਰਾਜ ਜਾਂ ਦੇਸ) ਦੀ ਕੁੱਲ ਅਬਾਦੀ ਤੇ ਦੂਜੇ ਉਸ ਭੁਗੋਲੀ ਖੇਤਰ ਦੀ ਕੁੱਲ ਪੰਜਾਬੀ ਅਬਾਦੀ। ਏਥੇ ਕੁੱਲ ਪੰਜਾਬੀ ਅਬਾਦੀ ਦਾ ਭਾਵ ਲਿਆ ਗਿਆ ਏ। ਯੂਨੈਸਕੋ ਦੀ ਪੜਤਾਲ-ਲਿਖਤ ਇਸ ਪ੍ਰਸੰਗ ਵਿੱਚ ਹੇਠਲਾ ਮਾਪ ਵਰਤਣ ਦਾ ਨਿਰਦੇਸ਼ ਦੇਂਦੀ ਏ (ਯੂਨੈਸਕੋ ੨੦੦੩:੯):

**ਕਾਰਕ-੩: ਕੁੱਲ ਭਾਖਾਈ ਅਬਾਦੀ ਵਿੱਚ ਬੁਲਾਰਿਆਂ ਦੀ ਗਿਣਤੀ ਦਾ ਅਨੁਪਾਤ**

| **ਖਤਰੇ ਦਾ ਪੱਧਰ** | **ਦਰਜਾ** | **ਕੁੱਲ ਸਬੰਧਤ ਅਬਾਦੀ ਵਿੱਚ ਬੁਲਾਰਿਆਂ ਦਾ ਅਨੁਪਾਤ** |
|---|---|---|
| ਕੋਈ ਖਤਰਾ ਨਹੀਂ | ੫ | ਸਾਰੇ (all) ਆਪਣੀ ਭਾਖਾ ਬੋਲਦੇ ਨੇ। |
| ਖਤਰਾ ਏ | ੪ | ਲਗਭਗ ਸਾਰੇ (nearly all) ਆਪਣੀ ਭਾਖਾ ਬੋਲਦੇ ਨੇ। |
| ਗੰਭੀਰ ਖਤਰਾ ਏ | ੩ | ਬਹੁਮਤ (a majority) ਆਪਣੀ ਭਾਖਾ ਬੋਲਦਾ ਏ। |
| ਬੜਾ ਗੰਭੀਰ ਖਤਰਾ ਏ | ੨ | ਘੱਟ ਗਿਣਤੀ (a minority) ਆਪਣੀ ਭਾਖਾ ਬੋਲਦੀ ਏ। |
| ਅਲੋਪ ਹੋਣ ਵਾਲੀ ਏ | ੧ | ਬੜੇ ਥੋੜ੍ਹੇ (very few) ਆਪਣੀ ਭਾਖਾ ਬੋਲਦੇ ਨੇ। |
| ਅਲੋਪ ਹੋ ਚੁੱਕੀ ਏ | ੦ | ਬੋਲਣ ਵਾਲਾ ਕੋਈ ਵੀ ਨਹੀਂ ਰਿਹਾ। |

ਉਤਲੇ ਮਾਪ ਮੁਤਾਬਕ ਪੰਜਾਬੀ ਭਾਖਾ ਦਾ ਦਰਜਾ ਪੱਕੇ ਰੂਪ ਵਿੱਚ ਤਾਂ ਇੱਕ ਵਿਗਿਆਨਵੀ ਸਰਵੇਖਣ ਤੋਂ ਬਾਅਦ ਹੀ ਦੱਸਿਆ ਜਾ ਸੱਕਦਾ ਏ ਪਰ ਪ੍ਰਭਾਵੀ ਤੌਰ 'ਤੇ ਪੰਜਾਬੀ ਦੀ ਸਥਿਤੀ ੪ਥੀ ਤੇ ੩ਜੀ ਸਥਿਤੀ ਦੇ ਵਿਚਕਾਰ ਵਾਲੀ ਭਾਸਦੀ ਹੈ।

**ਕਾਰਕ-੪ : ਭਾਖਾਈ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ:** ਯੂਨੈਸਕੋ ਦੀ ਲਿਖਤ ਅਨੁਸਾਰ ਇਹ ਸਥਿਤੀਆਂ ਹੇਠ ਤਰ੍ਹਾਂ ਦੀਆਂ ਹੋ ਸਕਦੀਆਂ ਨੇ (ਯੂਨੈਸਕੋ ੨੦੦੩:੧੦):

**ਕਾਰਕ-੪: ਭਾਖਾਈ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ:**

| **ਖਤਰੇ ਦਾ ਪੱਧਰ** | **ਦਰਜਾ** | **ਭਾਖਾਈ ਖੇਤਰ ਅਤੇ ਭਾਖਾਈ ਕਾਰਜ** |
|---|---|---|
| ਸਰਬਵਿਆਪੀ ਵਰਤੋਂ | ੫ | ਭਾਖਾ ਦੀ ਵਰਤੋਂ ਸਭ ਖੇਤਰਾਂ (domains) ਤੇ ਸਭ ਕਾਰਜਾਂ (functions) ਲਈ ਹੁੰਦੀ ਏ। |
| ਬਹੁਭਾਖਾਈ ਸਮਾਨਤਾ | ੪ | ਬਹੁਤੇ (most) ਸਮਾਜੀ ਖੇਤਰਾਂ ਤੇ ਬਹੁਤੇ ਕਾਰਜਾਂ ਲਈ ਇੱਕ ਤੋਂ ਵੱਧ ਭਾਖਾਵਾਂ ਦੀ ਵਰਤੋਂ ਹੁੰਦੀ ਏ। |
| ਖੁਰਦੇ ਪਏ ਖੇਤਰ | ੩ | ਭਾਖਾ ਦੀ ਵਰਤੋਂ ਪਰਿਵਾਰੀ ਖੇਤਰਾਂ ਤੇ ਬਹੁਤ (many) ਕਾਰਜਾਂ ਲਈ ਹੁੰਦੀ ਏ ਪਰ ਭਾਰੂ ਭਾਖਾ ਪਰਿਵਾਰੀ ਖੇਤਰਾਂ ਵਿੱਚ ਵੀ ਦਖਲ ਦੇਣ ਲੱਗੀ ਏ। |
| ਸੀਮਤ ਤੇ ਰਸਮੀ ਖੇਤਰ | ੨ | ਭਾਖਾ ਦੀ ਵਰਤੋਂ ਬੜੇ ਈ ਸੀਮਤ ਸਮਾਜੀ ਖੇਤਰਾਂ ਤੇ ਕਈ (several) ਕਾਰਜਾਂ ਵਾਸਤੇ ਹੁੰਦੀ ਏ। |
| ਬੜੇ ਈ ਸੀਮਤ ਖੇਤਰ | ੧ | ਭਾਖਾ ਦੀ ਵਰਤੋਂ ਬੜੇ ਈ ਸੀਮਤ ਖੇਤਰਾਂ ਵਿੱਚ ਤੇ ਕੁਝ ਕੁ (very few) ਕਾਰਜਾਂ ਲਈਓ ਈ ਹੁੰਦੀ ਏ। |
| ਖਤਮ ਹੋ ਚੁੱਕੀ | ੦ | ਭਾਖਾ ਦੀ ਵਰਤੋਂ ਕਿਸੇ ਵੀ ਖੇਤਰ ਵਿੱਚ ਤੇ ਕਿਸੇ ਵੀ ਕਾਰਜ ਲਈ ਨਹੀਂ ਹੁੰਦੀ। |

ਬਾਹਲੇ ਵਿਸਥਾਰ ਵਿੱਚ ਜਾਣ ਤੋਂ ਬਿਨਾਂ ਈ ਆਖਿਆ ਜਾ ਸੱਕਦਾ ਏ ਪਈ ਭਾਖਾਈ ਵਰਤੋਂ ਦੇ ਸਾਰੇ ਖੇਤਰਾਂ ਵਿੱਚ ਪੰਜਾਬੀ ਦੀ ਵਰਤੋਂ ਦੇ ਅਧਾਰ 'ਤੇ ਪੰਜਾਬੀ ੩ਜੇ ਦਰਜੇ 'ਤੇ ਆ ਖਲੋਤੀ ਏ, ਕਿਉਂਕਿ ਭਾਰਤੀ ਪੰਜਾਬ ਵਿੱਚ ਵੀ ਪਰਿਵਾਰੀ ਹਲਕਿਆਂ ਵਿੱਚ ਹਿੰਦੀ ਤੇ ਅੰਗਰੇਜੀ ਦਾ ਦਖਲ ਵਧਦਾ ਪਿਆ ਏ। ਜੇ ਭਾਰਤੀ ਪੰਜਾਬ ਦੀ ਇਹ ਹਾਲਤ ਏ, ਜਿੱਥੇ ਪੰਜਾਬੀ ਭਾਖਾ ਬਾਕੀ ਭੁਗੋਲੀ ਖੇਤਰਾਂ ਦੇ ਮੁਕਾਬਲੇ ਬਿਹਤਰ ਸਥਿਤੀ ਵਿੱਚ ਏ, ਤਾਂ ਦੂਜੇ ਭੁਗੋਲੀ ਖੇਤਰਾਂ ਬਾਰੇ ਤਾਂ ਸਥਿਤੀ ਹੋਰ ਵੀ ਚਿੰਤਾ ਵਾਲੀ ਹੋਵੇਗੀ ਹੀ।

**ਕਾਰਕ-੫: ਨਵੇਂ ਖੇਤਰਾਂ ਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ:** ਹੇਠਲੀ ਸਾਰਣੀ ਯੂਨੈਸਕੋ ਦੀ ਲਿਖਤ ਨੂੰ ਰੂਪਮਾਨ ਕਰਦੀ ਏ (ਯੂਨੈਸਕੋ ੨੦੦੩:੧੧)। ਨਵੇਂ ਖੇਤਰਾਂ ਤੋਂ ਭਾਵ ਟੈਲੀਵਿਜਨ, ਇੰਟਰਨੈੱਟ ਆਦਿ ਤੋਂ ਏ।

| **ਖਤਰੇ ਦਾ ਪੱਧਰ** | **ਦਰਜਾ** | **ਨਵੇਂ ਖੇਤਰਾਂ ਅਤੇ ਸੰਚਾਰ ਮਾਧਿਅਮਾਂ ਵਿੱਚ ਵਰਤੋਂ** |
|---|---|---|
| ਵਿਗਾਸਸ਼ੀਲ (dynamic) | ੫ | ਭਾਖਾ ਦੀ ਵਰਤੋਂ ਸਾਰੇ ਨਵੇਂ ਖੇਤਰਾਂ ਵਿੱਚ ਹੁੰਦੀ ਏ। |
| ਤਾਕਤਵਰ/ਸਰਗਰਮ (robust/active) | ੪ | ਭਾਖਾ ਦੀ ਵਰਤੋਂ ਬਹੁਤੇ ਨਵੇਂ ਖੇਤਰਾਂ ਵਿੱਚ ਹੁੰਦੀ ਏ। |
| ਗ੍ਰਹਿਣਸ਼ੀਲ (receptive) | ੩ | ਭਾਖਾ ਦੀ ਵਰਤੋਂ ਬਹੁਤ ਨਵੇਂ ਖੇਤਰਾਂ ਵਿੱਚ ਹੁੰਦੀ ਏ। |
| ਨਜਿੱਠਦੀ ਪਈ ਏ (coping) | ੨ | ਭਾਖਾ ਦੀ ਵਰਤੋਂ ਕੁਝ ਨਵੇਂ ਖੇਤਰਾਂ ਵਿੱਚ ਹੁੰਦੀ ਏ। |
| ਬਾਹਲੀ ਘੱਟ (minimal) | ੧ | ਭਾਖਾ ਦੀ ਵਰਤੋਂ ਕੇਵਲ ਕੁਝ ਨਵੇਂ ਖੇਤਰਾਂ ਵਿੱਚ ਹੁੰਦੀ ਏ। |
| ਕਿਰਿਆਹੀਣ (inactive) | ੦ | ਭਾਖਾ ਦੀ ਵਰਤੋਂ ਕਿਸੇ ਵੀ ਨਵੇਂ ਖੇਤਰ ਵਿੱਚ ਨਹੀਂ ਹੁੰਦੀ। |

ਇਹ ਸਹੀ ਏ ਪਈ ਪੰਜਾਬੀ ਭਾਖਾ ਦੀ ਵਰਤੋਂ ਹਰ ਨਵੇਂ ਖੇਤਰ ਵਿੱਚ ਹੁੰਦੀ ਪਈ ਏ, ਪਰ ਏਥੇ ਵੀ ਦੂਜੀਆਂ ਭਾਖਾਵਾਂ ਅੰਗਰੇਜੀ ਤੇ ਹਿੰਦੀ ਸਮੁੱਚੇ ਤੌਰ 'ਤੇ ਪੰਜਾਬੀ ਨਾਲੋਂ ਹਾਲੇ ਵਧੇਰੇ ਵਰਤੋਂ ਵਿੱਚ ਨੇ। ਇਸ ਲਈ ਸਥਿਤੀ ਇੱਥੇ ਵੀ ਆਦਰਸ਼ੀ ਨਹੀਂ ਏ।

**ਕਾਰਕ-੬: ਭਾਖਾਈ ਸਿੱਖਿਆ ਅਤੇ ਸਾਖਰੀ ਲਈ ਸਮੱਗਰੀ:** ਸਬੰਧਤ ਲਿਖਤ ਅਨੁਸਾਰ ਭਾਖਾਈ ਪ੍ਰਾਣਸ਼ਕਤੀ ਲਈ ਉਸ ਭਾਖਾ ਰਾਹੀਂ ਸਿੱਖਿਆ ਦਾ ਹੋਣਾ ਜਰੂਰੀ ਏ (ਪੰਨਾ ੧੨)। ਭਾਖਾਈ ਸਿੱਖਿਆ ਤੇ ਸਾਖਰੀ ਦੇ ਕਾਰਕ ਦੇ ਅਧਾਰ 'ਤੇ ਯੂਨੈਸਕੋ ਦੀ ਲਿਖਤ ਕਿਸੇ ਭਾਖਾ ਦੀ ਤਾਕਤ ਨੂੰ ਅੰਕਣ ਲਈ ਹੇਠਲੀ ਸਾਰਣੀ ਦੇਂਦੀ ਏ:

**ਕਾਰਕ-੬: ਭਾਖਾਈ ਸਿੱਖਿਆ ਤੇ ਸਾਖਰੀ ਲਈ ਸਮੱਗਰੀ:**

| **ਦਰਜਾ** | **ਲਿਖਤੀ ਸਮੱਗਰੀ ਦੀ ਹੋਂਦ** |
|---|---|

| | |
|---|---|
| ੫ | ਭਾਖਾ ਦੀ ਕੋਈ ਥਾਪੀ ਲਿਪੀ ਤੇ ਸਾਹਿਤਕ ਪਰੰਪਰਾ ਏ ਤੇ ਵਿਆਕਰਣਾਂ, ਸ਼ਬਦਕੋਸ਼, ਪੁਸਤਕਾਂ, ਸਾਹਿਤ ਤੇ ਰੋਜਾਨਾ ਸੰਚਾਰ ਮਾਧਿਅਮ ਦੇ ਸਰੋਤ ਹਾਸਲ ਨੇ। ਭਾਖਾਈ ਲਿਖਤਾਂ ਦੀ ਪ੍ਰਸ਼ਾਸਨ ਤੇ ਸਿੱਖਿਆ ਵਿੱਚ ਵਰਤੋਂ ਹੁੰਦੀ ਪਈ ਏ। |
| ੪ | ਲਿਖਤੀ ਸਮੱਗਰੀ ਹਾਸਲ ਏ ਤੇ ਬੱਚੇ ਸਕੂਲਾਂ ਵਿੱਚ ਭਾਖਾ ਵਿੱਚ ਸਾਖਰੀ ਹਾਸਲ ਕਰਦੇ ਪਏ ਨੇ। ਪ੍ਰਸ਼ਾਸਨ ਵਿੱਚ ਭਾਖਾ ਦੀ ਵਰਤੋਂ ਨਹੀਂ ਹੁੰਦੀ। |
| ੩ | ਲਿਖਤੀ ਸਮੱਗਰੀ ਦੀ ਹੋਂਦ ਏ ਤੇ ਹੋ ਸੱਕਦਾ ਏ ਪਈ ਬੱਚੇ ਪਾਠਸਾਲ ਵਿੱਚ ਭਾਖਾ ਸਾਖਰੀ ਹਾਸਲ ਕਰਦੇ ਪਏ ਨੇ। ਛਪੇ ਮਾਧਿਅਮ ਰਾਹੀਂ ਸਾਖਰੀ ਦਾ ਵਿਗਾਸ ਨਹੀਂ ਕੀਤਾ ਜਾਂਦਾ ਪਿਆ। |
| ੨ | ਲਿਖਤੀ ਸਮੱਗਰੀ ਦੀ ਹੋਂਦ ਏ ਪਰ ਜੁੱਟ ਦੇ ਕੁਝ ਮੈਂਬਰਾਂ ਲਈ ਇਹ ਵਰਤੋਂਯੋਗ ਨਹੀਂ ਏਂ। ਦੂਜਿਆਂ ਲਈ ਇਸ ਦੀ ਹੋਂਦ ਪ੍ਰਤੀਕ ਮਾਤਰ ਏ। ਮਾਤ ਭਾਖਾ ਵਿੱਚ ਸਾਖਰੀ ਸਿੱਖਿਆ ਪਾਠਸਾਲ ਦਾ ਹਿੱਸਾ ਨਹੀਂ ਏਂ। |
| ੧ | ਭਾਖਾ ਜੁੱਟ ਨੂੰ ਕੰਮ-ਚਲਾਊ ਲਿੱਪੀ ਆਉਂਦੀ ਏ ਤੇ ਕੁਝ ਕੁਝ ਸਮੱਗਰੀ ਲਿਖੀ ਜਾਂਦੀ ਪਈ ਏ। |
| ੦ | ਭਾਖਾ ਜੁੱਟ ਕੋਲ ਲਿੱਪੀ ਨਹੀਂ ਏਂ। |

ਜਿਵੇਂ ਕਿ ਪਾਠ ਦੇ ਸ਼ੁਰੂ ਵਿੱਚ ਆਖਿਆ ਗਿਆ ਏ, ਪੰਜਾਬੀ ਦੀ ਸਥਿਤੀ ਦਾ ਮੁਲੰਕਣ ਵੱਖ-ਵੱਖ ਭੂਗੋਲੀ ਖੇਤਰਾਂ ਲਈ ਵੱਖਰਾ-ਵੱਖਰਾ ਹੀ ਕੀਤਾ ਜਾ ਸੱਕਦਾ ਏ।

ਪਰਦੇਸਾਂ ਤੇ ਭਾਰਤੀ ਪਾਕਿਸਤਾਨੀ ਪੰਜਾਬਾਂ ਤੋਂ ਬਾਹਰਲੇ ਰਾਜਾਂ ਵਿੱਚ (ਦਿੱਲੀ ਤੇ ਹਰਿਆਣਾ ਨੂੰ ਛੱਡ ਕੇ) ਪੰਜਾਬੀ ਦੀ ਸਥਿਤੀ ੧ਲੇ ਦਰਜੇ 'ਤੇ ਰੱਖੀ ਜਾ ਸੱਕਦੀ ਏ। ਦਿੱਲੀ ਤੇ ਹਰਿਆਣੇ ਦੀ ਸਥਿਤੀ ੩ਜੇ ਤੇ ੨ਜੇ ਦਰਜੇ ਦੇ ਵਿਚਕਾਰ ਵਾਲੀ ਏ। ਪਾਕਿਸਤਾਨੀ ਪੰਜਾਬ ਵਿੱਚ ਵੀ ਸਥਿਤੀ ੧ਲੇ ਦਰਜੇ 'ਤੇ ਈ ਏ।

ਭਾਰਤੀ ਪੰਜਾਬ ਵਿੱਚ ਸਥਿਤੀ ਪਵੇਂ ਅਤੇ ੪ਥੇ ਦਰਜੇ ਦੇ ਵਿਚਕਾਰ ਦੀ ਏ, ਕਿਉਂਕਿ ਪੰਜਾਬੀ ਨਾਂ ਤਾਂ ਸਾਰੇ ਸਕੂਲਾਂ ਵਿੱਚ ਸਿੱਖਿਆ ਦਾ ਮਾਧਿਅਮ ਏਂ ਤੇ ਨਾ ਈ ਪ੍ਰਸ਼ਾਸਨ ਵਿੱਚ ਇਸ ਦੀ ਵਰਤੋਂ ਪੂਰੇ ਤੌਰ 'ਤੇ ਹੁੰਦੀ ਏ।

**ਕਾਰਕ-7: ਸਰਕਾਰਾਂ ਤੇ ਸੰਸਥਾਵਾਂ ਦਾ ਭਾਖਾ ਵੱਲ ਵਤੀਰਾ ਤੇ ਨੀਤੀਆਂ, ਸਰਕਾਰੀ ਰੁਤਬੇ ਤੇ ਵਰਤੋਂ ਸਣੇ:** ਸਰਕਾਰੀ ਤੇ ਸੰਸਥਾਈ ਵਤੀਰੇ ਤੇ ਨੀਤੀਆਂ ਦੇ ਅਧਾਰ 'ਤੇ ਹੇਠਲੀ ਸਾਰਣੀ ਕਿਸੇ ਭਾਖਾ ਦੀ ਜੀਵਨ ਸ਼ਕਤੀ ਦਾ ਅਕਸ ਪੇਸ਼ ਕਰਦੀ ਏ:

**ਕਾਰਕ-7: ਸਰਕਾਰਾਂ ਅਤੇ ਸੰਸਥਾਵਾਂ ਦਾ ਭਾਖਾ ਵੱਲ ਵਤੀਰਾ ਅਤੇ ਨੀਤੀਆਂ, ਸਰਕਾਰੀ ਰੁਤਬੇ ਅਤੇ ਵਰਤੋਂ ਸਣੇ:**

| **ਸਰਪ੍ਰਸਤੀ ਦਾ ਪੱਧਰ** | **ਦਰਜਾ** | **ਭਾਸ਼ਾ ਵੱਲ ਸਰਕਾਰੀ ਵਤੀਰਾ।** |
|---|---|---|
| ਸਭ ਭਾਖਾਵਾਂ ਨੂੰ ਇੱਕੋ ਜਿਹੀ ਸਰਪ੍ਰਸਤੀ | ੫ | ਸਭ ਭਾਖਾਵਾਂ ਨੂੰ ਸੁਰੱਖਿਆ ਹਾਸਲ ਏ। |
| ਸਰਪ੍ਰਸਤੀ ਇੱਕੋ ਜਿਹੀ ਨਹੀਂ | ੪ | ਘੱਟ ਗਿਣਤੀ ਭਾਖਾਵਾਂ ਦੀ ਅਣ-ਰਸਮੀ ਖੇਤਰਾਂ ਵਿੱਚ ਈ ਰਾਖੀ ਹੁੰਦੀ ਏ। ਸਬੰਧਤ ਭਾਖਾ ਦੀ ਵਰਤੋਂ ਨੂੰ ਵਕਾਰ ਹਾਸਲ ਏ। |
| ਚੁੱਪ-ਚਾਪ ਆਤਮਸਾਤ | ੩ | ਘੱਟ ਗਿਣਤੀ ਭਾਖਾਵਾਂ ਲਈ ਪ੍ਰਤੱਖ ਨੀਤੀ ਦੀ ਅਣਹੋਂਦ ਏ। ਰਸਮੀ ਖੇਤਰਾਂ ਵਿੱਚ ਭਾਰੂ ਭਾਖਾ ਦਾ ਕਬਜਾ। |
| ਸਰਗਰਮ ਆਤਮਸਾਤ | ੨ | ਸਰਕਾਰ ਵੱਲੋਂ ਭਾਖਾ ਦੇ ਭਾਰੂ ਭਾਖਾ ਵਿੱਚ ਆਤਮਸਾਤ ਹੋਣ ਨੂੰ ਉਤਸਾਹ ਦਿੱਤਾ ਜਾਂਦਾ ਏ। ਘੱਟ ਗਿਣਤੀ ਭਾਖਾਵਾਂ ਲਈ ਕੋਈ ਸੁਰੱਖਿਆ ਨਹੀਂ। |
| ਜਬਰੀ ਆਤਮਸਾਤ | ੧ | ਭਾਰੂ ਭਾਖਾ ਇਕੱਲੀਓ ਈ ਸਰਕਾਰੀ ਭਾਖਾ ਏ, ਜਦਕਿ ਅਣ-ਸਰਕਾਰੀ ਭਾਖਾਵਾਂ ਨੂੰ ਨਾ ਮਾਣਤਾ ਏ ਤੇ ਨਾ ਹੀ ਸੁਰੱਖਿਆ। |
| ਮਨਾਹੀ | ੦ | ਘੱਟ ਗਿਣਤੀ ਭਾਖਾਵਾਂ ਦੀ ਮਨਾਹੀ ਏਂ। |

ਸਰਕਾਰੀ ਵਤੀਰੇ ਤੇ ਨੀਤੀਆਂ ਦੇ ਅਧਾਰ 'ਤੇ ਪੰਜਾਬੀ ਵੱਖ-ਵੱਖ ਭੁਗੋਲੀ ਖੇਤਰਾਂ ਵਿੱਚ ਵੱਖ-ਵੱਖ ਅਵਸਥਾਵਾਂ ਵਿੱਚ ਏ। ਪਰਦੇਸਾਂ ਵਿੱਚ ਜਿੱਥੇ ਵੀ ਗਿਣਤੀ ਜੋਗੀ ਪੰਜਾਬੀ ਅਬਾਦੀ ਏ ਓਥੇ ਹੀ ਪੰਜਾਬੀ ਭਾਖਾ ਨੂੰ ਸਰਕਾਰੀ ਜਾਂ ਸੰਸਥਾਈ ਰੂਪ ਵਿੱਚ ਕੁਝ ਨਾ ਕੁਝ ਸਰਪ੍ਰਸਤੀ ਹਾਸਲ ਏ। ਕਨੇਡਾ

ਵਿੱਚ ਤਾਂ ਇਹ ਵੀ ਆਖਿਆ ਜਾ ਸੱਕਦਾ ਏ ਪਈ ਪੰਜਾਬੀ ਦੀ ਵਰਤੋਂ ਨੂੰ ਵਕਾਰ ਵੀ ਹਾਸਲ ਏ। ਜਿੱਥੇ-ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਨੇ ਉਹਨਾਂ ਵਿੱਚੋਂ ਬਹੁਤੇ ਦੇਸਾਂ ਵਿੱਚ ਭਾਖਾ ਨੀਤੀਆਂ ਮਾਹਰਾਂ ਦੀਆਂ ਪੜਚੋਲਾਂ ਤੇ ਰਇਆਂ 'ਤੇ ਟਿਕੀਆਂ ਹੋਣ ਕਰਕੇ ਸਰਕਾਰੀ ਪੱਧਰ 'ਤੇ ਥੋੜੀ ਜਾਂ ਬਹੁਤੀ ਸਰਪ੍ਰਸਤੀ ਹਾਸਲ ਕੀਤੀ ਜਾ ਸਕਦੀ ਏ। ਇੰਞ, ਜਿੱਥੋਂ ਤੱਕ ਸਰਕਾਰੀ ਨੀਤੀਆਂ ਦਾ ਸੁਆਲ ਏ, ਪਰਦੇਸਾਂ ਵਿੱਚ ਪੰਜਾਬੀ ਦੀ ਅਵਸਥਾ ੪ਥੇ ਕੁ ਦਰਜੇ 'ਤੇ ਰੱਖੀ ਜਾ ਸਕਦੀ ਏ।

ਭਾਰਤ ਤੇ ਪਾਕਿਸਤਾਨ ਵਿਚਲੇ ਪੰਜਾਬਾਂ ਤੋਂ ਬਾਹਰਲੇ ਰਾਜਾਂ ਵਿੱਚ (ਦੋ-ਤਿੰਨ ਭਾਰਤੀ ਰਾਜਾਂ ਨੂੰ ਛੱਡ ਕੇ) ਕਿਸੇ ਵੀ ਰਾਜ ਵਿੱਚ ਘੱਟ ਗਿਣਤੀ ਭਾਖਾਵਾਂ ਲਈ ਕੋਈ ਪ੍ਰਤੱਖ ਸਰਕਾਰੀ ਜਤਨ ਨਜਰ ਨਹੀਂ ਆਉਂਦਾ। ਇੰਞ, ਇਹਨਾਂ ਥਾਵਾਂ 'ਤੇ ਪੰਜਾਬੀ ਦੀ ਅਵਸਥਾ ਨੂੰ ੨ਜੇ ਦਰਜੇ 'ਤੇ ਸਮਝਣਾ ਈ ਠੀਕ ਹੋਵੇਗਾ, ਮਤਲਬ, ਪਰਦੇਸਾਂ ਵਿਚਲੀ ਅਵਸਥਾ ਤੋਂ ਵੀ ਹੇਠਾਂ। ਸਰਕਾਰੀ ਵਤੀਰੇ ਤੇ ਨੀਤੀਆਂ ਦੇ ਹਿਸਾਬ ਨਾਲ ਪਾਕਿਸਤਾਨੀ ਪੰਜਾਬ ਵਿੱਚ ਵੀ ਪੰਜਾਬੀ ਦੀ ਅਵਸਥਾ ਪਰਦੇਸਾਂ ਨਾਲੋਂ ਵੀ ਮਾੜੀ ਏ। ਭਾਰੂ ਭਾਖਾ (ਉਰਦੂ) ਈ ਸਰਕਾਰੀ ਕੰਮ-ਕਾਜ ਦੀ ਭਾਖਾ ਏ। ਪੰਜਾਬੀ ਨੂੰ ਨਾ ਕੋਈ ਵਿਸ਼ੇਸ਼ ਮਾਣਤਾ ਪ੍ਰਾਪਤ ਏ ਤੇ ਨਾ ਈ ਸੁਰੱਖਿਆ। ਬਲਕਿ, ਪੰਜਾਬੀ ਦੀ ਸਰਕਾਰੀ ਖੇਤਰਾਂ ਵਿੱਚ ਵਰਤੋਂ ਦੀ ਮਨਾਹੀ ਏ। ਇੰਞ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਵੱਲ ਸਰਕਾਰੀ ਵਤੀਰੇ ਤੇ ਨੀਤੀਆਂ ਨੂੰ ੧ ਅੰਕ ਤੋਂ ਵੱਧ ਨਹੀਂ ਦਿੱਤਾ ਜਾ ਸੱਕਦਾ।

ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਵੱਲ ਸਰਕਾਰੀ ਖੇਤਰਾਂ ਦਾ ਵਤੀਰਾ ਕੋਈ ਉਤਸਾਹ ਵਾਲਾ ਨਹੀਂ ਏ। ਸਰਕਾਰੀ ਦਫਤਰਾਂ ਤੇ ਅਦਾਰਿਆਂ ਵਿੱਚ ਪੰਜਾਬੀ ਦੀ ਵਰਤੋਂ ਲਈ ਕਨੂੰਨ ਬਣ ਜਾਣ ਦੇ ਬਾਵਜੂਦ ਵੀ ਇਸ ਨੂੰ ਨੇਕ ਨੀਤੀ ਨਾਲ ਲਾਗੂ ਕਰਾਉਣ ਦੇ ਕੋਈ ਸਰਕਾਰੀ ਜਤਨ ਨਹੀਂ ਕੀਤੇ ਜਾਂਦੇ ਪਏ। ਜੇ ਕੋਈ ਹਿਲਜੁਲ ਹੁੰਦੀ ਵੀ ਏ ਤਾਂ ਬੱਸ ਲੋਕਾਂ ਦੇ ਦਬਾਅ ਹੇਠ ਹੁੰਦੀ ਏ।

ਏਥੇ ਪਿਛਲੇ ਦਿਨੀਂ ਵਾਪਰੀ ਇੱਕ ਘਿਰਣਾਯੋਗ ਘਟਨਾ (ਜਿਸਦਾ ਅਖਬਾਰਾਂ ਵਿੱਚ ਵੇਰਵਾ ਦਿੱਤਾ ਗਿਆ ਸੀ) ਦਾ ਜਿਕਰ ਹਾਲਤ ਨੂੰ ਸਮਝਣ ਵਿੱਚ ਸਹਾਈ ਹੋਵੇਗਾ। ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ (ਕਾਂਗਰਸ ਪਾਰਟੀ) ਦੇ ਨੇਤਾ ਸੁਨੀਲ ਜਾਖੜ ਜੀ ਨੇ ਅੰਗਰੇਜੀ ਵਿੱਚ ਬੋਲਣਾ ਸ਼ੁਰੂ ਕੀਤਾ ਤਾਂ ਇੱਕ ਮਾਣਯੋਗ ਮੈਂਬਰ ਨੇ ਉਹਨਾਂ ਨੂੰ ਪੰਜਾਬੀ ਵਿੱਚ ਬੋਲਣ ਦੀ ਤਾਕੀਦ ਕੀਤੀ। ਸ੍ਰੀ ਸੁਨੀਲ ਜਾਖੜ ਜੀ ਦਾ ਜਵਾਬ ਸੀ ਪਈ 'ਵਿਧਾਨ ਸਭਾ 'ਚ ਬੈਠੇ ਮੈਂਬਰ ਅੰਗਰੇਜੀ ਸਮਝ ਸੱਕਦੇ ਨੇ।' ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਦੀ ਅੰਗਰੇਜੀ ਭਾਖਾ ਵਿੱਚ ਸਮਰੱਥਾ ਕਿੰਨੀ ਕੁ ਏ ਇਸ ਸੁਆਲ 'ਚ ਜਾਣ ਦੀ ਤਾਂ ਸਾਨੂੰ ਲੋੜ ਨਹੀਂ, ਪਰ ਸ੍ਰੀ ਸੁਨੀਲ ਜਾਖੜ ਜੀ ਨੂੰ ਇਹ ਪੁੱਛਣਾ ਬਣਦਾ ਏ ਪਈ ਪੰਜਾਬ ਵਿਧਾਨ ਸਭਾ ਦੀ ਬੈਠਕ ਵਿੱਚ ਗੱਲ ਪੰਜਾਬੀ ਵਿੱਚ ਬਿਹਤਰ ਸਮਝਾਈ ਜਾ ਸਕਦੀ ਏ ਜਾਂ ਅੰਗਰੇਜੀ ਵਿੱਚ। (ਲੱਗਦਾ ਏ ਪਈ ਸੁਨੀਲ ਜਾਖੜ ਜੀ ਪੰਜਾਬ ਵਿਧਾਨ ਸਭਾ ਦੇ ਉਸ ਸਮਾਗਮ ਵਿੱਚ ਸਮਝ ਤੇ ਕੌਮੀ ਮਾਣ ਦਾ ਸੰਸਕਾਰ ਕਰਕੇ ਦਾਖਲ ਹੋਏ ਸਨ।) ਖੈਰ ! ਇਹ ਘਟਨਾ ਪੰਜਾਬ ਵਿੱਚ ਪੰਜਾਬੀ ਵੱਲ ਪੂਰੇ ਰਾਜਸੀ ਤੇ ਸਰਕਾਰੀ ਵਤੀਰੇ ਦਾ ਸਬੂਤ ਏ।

ਜਿੱਥੋਂ ਤੱਕ ਸਰਕਾਰੀ ਨੀਤੀਆ ਦਾ ਸੁਆਲ ਏ, ਪੰਜਾਬੀ ਭਾਖਾ ਪੰਜਾਬ ਦੀ ਰਾਜ ਭਾਖਾ ਏ। ਪਰ ਸਿੱਖਿਆ, ਪ੍ਰਸ਼ਾਸਨ ਤੇ ਹੋਰ ਸਰਕਾਰੀ ਖੇਤਰਾਂ ਵਿੱਚ ਅੰਗਰੇਜੀ ਤੇ ਕਿਸੇ ਹੱਦ ਤੱਕ ਹਿੰਦੀ ਭਾਖਾ ਦਾ ਦਖਲ ਮਾਰੂ ਢੰਗ ਨਾਲ ਜਾਰੀ ਏ। ਭਾਰੂ ਵਰਗ ਦੇ ਸਭ ਬਾਲ ਅੰਗਰੇਜੀ ਮਾਧਿਅਮ ਸਕੂਲਾਂ ਵਿੱਚ ਜਾਂਦੇ ਨੇ ਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਮਾੜਾ ਹਾਲ ਏ। ਇੰਞ, ਪੱਕੇ ਤੌਰ 'ਤੇ ਆਖਿਆ ਜਾ ਸੱਕਦਾ ਏ ਪਈ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਭਾਖਾ ਦੀ ਜਿਕਰਯੋਗ ਸਿਖਲਾਈ ਦਾ ਭੋਗ ਪੈ ਚੁੱਕਾ ਏ। ਇਸ ਅਮਲ ਦੇ ਸਿੱਟੇ ਲਗਭਗ ਸਾਹਮਣੇ ਨੇ। ਪੰਜਾਬੀ ਦੀ ਅੱਜ ਦੀ ਨੌਜੁਆਨ ਪੀੜ੍ਹੀ ਵਿਚੋਂ ਪੰਜਾਬੀ ਭਾਖਾ ਦੀ ਜਿਕਰਯੋਗ ਮੁਹਾਰਤ ਲਗਭਗ ਖਤਮ ਹੋ ਚੁੱਕੀ ਏ। ਇਸ ਦੇ ਸਿੱਖਿਆ, ਗਿਆਨ, ਸਭਿਆਚਾਰ, ਸਾਹਿਤ, ਸੰਚਾਰ ਤੇ ਹੋਰ ਖੇਤਰਾਂ ਲਈ ਮਾਰੂ ਸਿੱਟੇ ਉਹਨਾਂ ਨੂੰ ਦਿੱਸਦੇ ਪਏ ਨੇ ਜਿਹੜੇ ਵੇਖ ਸਕਦੇ ਨੇ, ਤੇ ਉਹ ਕਲਪਦੇ ਵੀ ਪਏ ਨੇ।

ਕਿਉਂਕਿ ਮਾਤ ਭਾਖਾ ਦੀ ਚੰਗੀ ਸਿਖਲਾਈ ਤੇ ਮੁਹਾਰਤ ਤੋਂ ਬਿਨਾਂ ਦੂਜੀ ਜਾਂ ਪਰਦੇਸੀ ਭਾਖਾ ਵੀ ਸਫਲਤਾ ਨਾਲ ਨਹੀਂ ਸਿੱਖੀ ਜਾ ਸਕਦੀ, ਇਸ ਲਈ ਇਹ ਆਖਣ ਵਿੱਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਪਈ ਇਸ ਵੇਲੇ ਤਿਆਰ ਕੀਤੀ ਜਾਂਦੀ ਪਈ ਪੰਜਾਬੀ ਪੀੜ੍ਹੀ ਭਾਖਾਈ ਅਪੰਗਾਂ ਦੀ ਪੀੜ੍ਹੀ ਅਖਵਾਏਗੀ, ਕਿਉਂਕਿ ਇਸ ਨੂੰ ਕਿਸੇ ਭਾਖਾ ਵਿੱਚ ਵੀ ਜਿਕਰਯੋਗ ਮੁਹਾਰਤ ਹਾਸਲ ਨਹੀਂ ਹੋਵੇਗੀ।

ਜਿੱਥੋਂ ਤੱਕ ਸਰਕਾਰੀ ਵਤੀਰੇ ਤੇ ਨੀਤੀਆਂ ਨੂੰ ਅੰਕ ਦੇਣ ਦਾ ਸੁਆਲ ਏ, ਇਹ ਆਖਣਾ ਬਣਦਾ ਏ ਪਈ ਸਰਕਾਰੀ ਨੀਤੀਆਂ ਵਿੱਚ ਪੰਜਾਬੀ ਨੂੰ ਸੁਰੱਖਿਆ ਆਦਰਸ਼ ਰੂਪ ਵਿੱਚ ਭਾਵੇਂ ਨਹੀਂ ਪਰ ਹਾਸਲ ਤਾਂ ਹੈ ਵੇ; ਪਰ ਸਰਕਾਰੀ ਵਤੀਰੇ ਕਰਕੇ ਇਹ ਨੀਤੀਆਂ ਠੀਕ ਤਰ੍ਹਾਂ ਅਮਲ ਵਿੱਚ ਨਹੀਂ ਆਉਂਦੀਆਂ ਪਈਆਂ। ਇੰਞ, ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਦੀ ਸਥਿਤੀ ੩ ਤੇ ੪ ਅੰਕਾਂ ਦੇ ਵਿਚਕਾਰ ਜਿਹੀਓ ਈ ਏ। ਏਥੇ ਇਹ ਵੀ ਗੱਲ ਯਾਦ ਰੱਖਣ ਵਾਲੀ ਏ ਪਈ ਉਚੇਰੀ ਸਿੱਖਿਆ ਵਿੱਚ ਵਿਗਿਆਨਾਂ, ਤਕਨੀਕੀ ਵਿਸ਼ਿਆਂ ਤੇ ਪੇਸ਼ੇਵਰ ਕੋਰਸਾਂ ਵਿੱਚੋਂ ਪੰਜਾਬ ਵਿੱਚ ਵੀ ਪੰਜਾਬੀ ਦੀ ਮਾਧਿਅਮ ਵੱਜੋਂ ਅਣਹੋਂਦ ਏ।

**ਕਾਰਕ-੮: ਭਾਖਾ ਜੁੱਟ ਦਾ ਭਾਖਾ ਵੱਲ ਵਤੀਰਾ**: ਭਾਖਾ ਕਿਉਂਕਿ ਇੱਕ ਮਨੁੱਖੀ ਅਮਲ ਏ, ਇਸ ਕਰਕੇ ਕਿਸੇ ਭਾਖਾ **ਜੁੱਟ** ਦਾ ਆਪਣੀ ਭਾਖਾ ਵੱਲ ਵਤੀਰਾ ਤੇ ਜਤਨ ਉਸ ਭਾਖਾ ਦੇ ਜੀਵਨ, ਸਮਰੱਥਾ, ਤਾਕਤ, ਪਸਾਰ ਤੇ ਵਿਗਾਸ ਵਿੱਚ ਨਿਰਣੇਕਾਰੀ ਹਿੱਸਾ ਪਾਉਂਦੇ ਨੇ। ਇਹ ਆਖਣਾ ਸੱਚਾਈ ਤੋਂ ਦੂਰ ਨਹੀਂ ਪਈ ਕਿਸੇ ਭਾਖਾ ਦੀ ਬਾਕੀ ਖੇਤਰਾਂ ਵਿੱਚ ਸਥਿਤੀ ਲਈ ਉਸ ਭਾਖਾ ਜੁੱਟ ਦਾ ਆਪਣੀ ਭਾਖਾ ਵੱਲ ਵਤੀਰਾ ਨਿਰਣੇਕਾਰੀ ਹਿੱਸਾ ਪਾਉਂਦਾ ਏ। ਕਿਸੇ ਭਾਖਾ ਜੁੱਟ ਦੇ ਵਤੀਰੇ ਨੂੰ ਯੂਨੈਸਕੋ ਦੀ ਲਿਖਤ ਹੇਠਲੇ ਵਰਗਾਂ ਵਿੱਚ ਵੰਡਦੀ ਏ (ਯੂਨੈਸਕੋ ੨੦੦੩:੧੫):

**ਕਾਰਕ-੮: ਭਾਖਾ ਜੁੱਟ ਦਾ ਭਾਖਾ ਵੱਲ ਵਤੀਰਾ:**

| **ਦਰਜਾ** | **ਭਾਖਾ ਜੁੱਟ ਦਾ ਵਤੀਰਾ** |
|---|---|
| ੫ | ਸਾਰੇ ਵਿਅਕਤੀ ਆਪਣੀ ਭਾਖਾ ਦੀ ਕਦਰ ਕਰਦੇ ਨੇ ਤੇ ਇਸ ਦੀ ਤਰੱਕੀ ਵੇਖਣਾ ਚਾਹੁੰਦੇ ਨੇ। |
| ੪ | ਬਹੁਤੇ ਵਿਅਕਤੀ ਆਪਣੀ ਭਾਖਾ ਬਣਾਈ ਰੱਖਣ ਦੀ ਹਮਾਇਤ ਕਰਦੇ ਨੇ। |
| ੩ | ਬਹੁਤ ਵਿਅਕਤੀ ਆਪਣੀ ਭਾਖਾ ਬਣਾਈ ਰੱਖਣ ਦੀ ਹਮਾਇਤ ਕਰਦੇ ਨੇ; ਬਾਕੀ ਜਾਂ ਬੇਪਰਵਾਹ ਨੇ ਜਾਂ ਆਪਣੀ ਭਾਖਾ ਦੇ ਖਾਤਮੇ ਤੱਕ ਦੀ ਹਮਾਇਤ ਕਰ ਸਕਦੇ ਨੇ। |
| ੨ | ਕੁਝ ਵਿਅਕਤੀ ਆਪਣੀ ਭਾਖਾ ਬਣਾਈ ਰੱਖਣ ਦੀ ਹਮਾਇਤ ਕਰਦੇ ਨੇ; ਬਾਕੀ ਜਾਂ ਬੇਪਰਵਾਹ ਨੇ ਜਾਂ ਆਪਣੀ ਭਾਖਾ ਦੇ ਖਾਤਮੇ ਤੱਕ ਦੀ ਹਮਾਇਤ ਕਰ ਸੱਕਦੇ ਨੇ। |
| ੧ | ਬੱਸ ਕੁਝ ਕੁ ਵਿਅਕਤੀ ਆਪਣੀ ਭਾਖਾ ਬਣਾਈ ਰੱਖਣ ਦੀ ਹਮਾਇਤ ਕਰਦੇ ਨੇ; ਬਾਕੀ ਜਾਂ ਬੇਪਰਵਾਹ ਨੇ ਜਾਂ ਆਪਣੀ ਭਾਖਾ ਦੇ ਖਾਤਮੇ ਤੱਕ ਦੀ ਹਮਾਇਤ ਕਰ ਸਕਦੇ ਨੇ। |
| ੦ | ਕੋਈ ਵੀ ਆਪਣੀ ਭਾਖਾ ਦੇ ਖਤਮ ਹੋਣ ਦੀ ਪਰਵਾਹ ਨਹੀਂ ਕਰਦਾ; ਸਾਰੇ ਭਾਰੂ ਭਾਖਾ ਵਰਤਣ ਨੂੰ ਪਹਿਲ ਦੇਂਦੇ ਨੇ। |

ਇਹ ਬੜੇ ਫਿਕਰ ਵਾਲੀ ਗੱਲ ਏ ਪਈ ਉਤਲੇ ਕਾਰਕ ਪੱਖੋਂ, ਜਿਹੜਾ ਕਾਰਕ ਭਾਖਾ ਦੇ ਜੀਵਨ ਅਤੇ ਵਿਗਾਸ ਲਈ ਸਭ ਤੋਂ ਵੱਧ ਮਹੱਤਾ ਵਾਲਾ ਏ, ਉਸ ਪੱਖੋਂ ਵੀ ਪੰਜਾਬੀ ਦੀ ਅਵਸਥਾ ਉਤਸਾਹ ਪੈਦਾ ਕਰਨ ਵਾਲੀ ਨਹੀਂ ਏਂ।

ਪਰਦੇਸਾਂ ਵਿੱਚ ਪੰਜਾਬੀਆਂ ਵਿੱਚ ਆਪਣੀ ਭਾਖਾ ਦੀ ਚਿੰਤਾ ਦੀ ਭਾਵਨਾ ਜਰੂਰ ਦਿੱਸਦੀ ਏ ਤੇ ਉਹ ਇਸ ਨੂੰ ਜਿਉਂਦਾ ਰੱਖਣ ਲਈ ਜਤਨ ਵੀ ਕਰਦੇ ਦਿੱਸਦੇ ਨੇ, ਪਰ ਇਹ ਗੱਲ ਪਰਦੇਸਾਂ ਵਿੱਚ ਜੰਮੀ-ਪਲੀ ਨਵੀਂ ਪੀੜ੍ਹੀ ਬਾਰੇ ਆਖਣੀ ਔਖੀ ਏ।

ਭਾਰਤ ਤੇ ਪਾਕਿਸਤਾਨ ਵਿੱਚ ਪੰਜਾਬਾਂ ਤੋਂ ਬਾਹਰਲੇ ਰਾਜਾਂ ਵਿੱਚ ਪੰਜਾਬੀਆਂ ਵਿੱਚ ਆਪਣੀ ਭਾਖਾ ਨੂੰ ਜਿਉਂਦਾ ਰੱਖਣ ਦੀ ਇੱਛਾ ਸਾਰੇ ਭਾਖਾ ਜੁੱਟ ਵਿੱਚ ਇਕਸਾਰ ਨਹੀਂ ਦਿੱਸਦੀ।

ਸਿੱਖ ਧਰਮੀ ਹਲਕੇ ਧਰਮੀ ਕਾਰਣਾਂ ਕਰਕੇ ਪੰਜਾਬੀ ਭਾਖਾ ਨੂੰ ਬਣਾਈ ਰੱਖਣ ਲਈ ਹਮਾਇਤ ਕਰਦੇ ਨੇ। ਦੂਜੇ ਹਲਕਿਆਂ ਵਿੱਚੋਂ ਕੁਝ ਵਿਅਕਤੀਓ ਈ ਹਮਾਇਤੀ ਕਾਰਵਾਈਆਂ ਵਿੱਚ ਲੱਗੇ ਦਿੱਸਦੇ ਨੇ ਤੇ ਸਾਂਝੀਆਂ ਸਰਗਰਮੀਆਂ ਦੀ ਲਗਭਗ ਅਣਹੋਂਦ ਈ ਏ।

ਕੁਝ ਰਾਜਾਂ ਵਿੱਚ (ਜਿੱਥੇ ਪੰਜਾਬੀ ਦੂਜੀ ਵੱਡੀ ਗਿਣਤੀ ਵਿੱਚ ਨੇ, ਜਿਵੇਂ ਦਿੱਲੀ ਤੇ ਹਰਿਆਣਾ) ਓਥੇ ਪੰਜਾਬੀ ਭਾਖਾ ਲਈ ਕੁਝ ਸਾਂਝੀਆਂ ਹਮਾਇਤੀ ਕਾਰਵਾਈਆਂ ਵੇਖਣ ਨੂੰ ਮਿਲਦੀਆਂ ਨੇ।

ਪਾਕਿਸਤਾਨੀ ਪੰਜਾਬ ਵਿੱਚ ਵੀ ਪੰਜਾਬੀ ਭਾਖਾ ਦੀ ਤਰੱਕੀ ਲਈ ਸਾਂਝੀਆਂ ਹਮਾਇਤੀ ਕਾਰਵਾਈਆਂ ਬਹੁਤ ਨਿਗੂਣੀਆਂ ਨੇ ਤੇ ਜਿਹੜੀਆਂ ਹੈ ਨੇ ਉਹ ਵੀ ਬਹੁਤੀਆਂ ਸਾਹਿਤੀ ਹਲਕਿਆਂ ਤੱਕ ਹੀ ਸੁੰਗੜੀਆਂ ਲੱਗਦੀਆਂ ਨੇ।

ਇੰਞ, ਭਾਰਤ ਤੇ ਪਾਕਿਸਤਾਨ ਵਿੱਚ ਪੰਜਾਬੋਂ ਬਾਹਰਲੇ ਰਾਜਾਂ ਵਿੱਚ ਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਦੀ ਅਵਸਥਾ ੨ ਅੰਕਾਂ ਵਾਲੀਓ ਈ ਲੱਗਦੀ ਏ।

ਭਾਰਤੀ ਪੰਜਾਬ ਦੇ ਪੰਜਾਬੀਆਂ ਦਾ ਪੰਜਾਬੀ ਵੱਲ ਵਤੀਰਾ ਬਿਹਤਰ ਏ ਪਰ ਏਥੋਂ ਲਈ ਵੀ ਚਿੰਤਾ ਦੇ ਕਾਰਣ ਨੇ। ਸੱਤਾ, ਸਮਾਜ, ਤੇ ਅਰਥਚਾਰੇ ਵਿੱਚ ਭਾਰੂ ਵਰਗ ਦੀ ਭਾਖਾ ਈ ਭਾਰੂ ਭਾਖਾ ਹੁੰਦੀ ਏ ਤੇ ਜਨਸਧਾਰਣ ਉਸੇ ਭਾਖਾ ਨੂੰ ਵਕਾਰੀ ਭਾਖਾ ਸਮਝਦਾ ਏ। ਪੰਜਾਬ ਦਾ ਭਾਰੂ ਵਰਗ ਵਧੇਰੇ ਤੋਂ ਵਧੇਰੇ ਅੰਗਰੇਜੀ ਤੇ ਕਿਸੇ ਹੱਦ ਤੱਕ ਹਿੰਦੀ ਵੱਲ ਖਿੱਚਿਆ ਜਾਂਦਾ ਪਿਆ ਏ। ਅੰਗਰੇਜੀ ਵੱਲ ਖਿੱਚੇ ਜਾਣ ਦਾ ਵੱਡਾ ਕਾਰਣ ਭਾਰੂ ਵਰਗ ਦਾ ਸੁਆਰਥ ਏ ਜਿਹੜਾ ਅੰਗਰੇਜੀ ਭਾਖਾ ਰਾਹੀਂ ਸਿੱਖਿਆ, ਸੱਤਾ, ਤੇ ਅਰਥਵੀ ਸਰਗਰਮੀ ਦੇ ਖੇਤਰਾਂ ਵਿੱਚ ਆਪਣੀ ਧੌਂਸ ਕਾਇਮ ਰੱਖਣੀ ਚਾਹੁੰਦਾ ਏ। ਚੇਤਨਾ ਦੀ ਘਾਟ ਕਾਰਣ ਜਨਸਧਾਰਣ ਭਾਰੂ ਵਰਗ ਦੀ ਸੱਤਾ ਤੇ ਖੁਸ਼ਹਾਲੀ ਦਾ ਇੱਕ ਕਾਰਨ ਅੰਗਰੇਜੀ ਭਾਖਾ ਨੂੰ ਸਮਝੀ ਬੈਠਾ ਏ। ਭਾਰੂ ਵਰਗ ਦੇ ਸੁਆਰਥ ਦੇ

ਨਾਲ-ਨਾਲ ਰਾਜਸੀ ਤੇ ਪ੍ਰਸ਼ਾਸਨੀ ਹਲਕਿਆਂ ਵਿੱਚ ਭਾਖਾ ਨੀਤੀ ਪ੍ਰਤੀ ਅਗਿਆਨ ਵੀ ਪੂਰੀ ਤਰ੍ਹਾਂ ਪੱਸਰਿਆ ਹੋਇਆ ਏ। ਸਿੱਟੇ ਵੱਜੋਂ, ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਭਾਖਾ ਵੱਲ ਵਤੀਰਾ, ਕੁਝ ਕੁ ਚੇਤੰਨ ਹਲਕਿਆਂ ਨੂੰ ਛੱਡ ਕੇ, ਨਿਰਾਸਾ ਪੈਦਾ ਕਰਨ ਵਾਲਾ ਈ ਏ। ਸੋ, ਪੰਜਾਬੀ ਭਾਖਾ ਦੀ ਤਰੱਕੀ ਦੀ ਇੱਛਾ ਰੱਖਦਿਆਂ ਹੋਇਆਂ ਵੀ, ਭਾਰਤੀ ਪੰਜਾਬ ਦੀ ਅਬਾਦੀ ਪੰਜਾਬੀ ਭਾਖਾ ਦੇ ਜੀਵਨ ਤੇ ਵਿਗਾਸ ਲਈ ਹਮਾਇਤੀ ਸਰਗਰਮੀਆਂ ਵਿੱਚ ਬਹੁਤਾ ਹਿੱਸਾ ਨਹੀਂ ਲੈਂਦੀ (ਜਦੋਂ ਇਹ ਲੇਖ ਲਿਖਿਆ ਗਿਆ ਸੀ ਉਸ ਨਾਲੋਂ ਹੁਣ ਹਾਲਤ ਵਾਹਨਾ ਬਿਹਤਰ ਏ)। ਇਸ ਤੋਂ ਵੀ ਚਿੰਤਾ ਵਾਲੀ ਗੱਲ ਇਹ ਵੇ ਪਈ ਪੰਜਾਬ ਦਾ ਜਨਸਧਾਰਣ ਵੀ ਅੰਗਰੇਜੀ ਤੇ ਹਿੰਦੀ ਨੂੰ ਪੰਜਾਬੀ ਭਾਖਾ ਨਾਲੋਂ ਵਕਾਰੀ ਭਾਖਾਵਾਂ ਕਿਆਸ ਕਰੀ ਬੈਠਾ ਏ ਤੇ ਪੰਜਾਬ ਵਿੱਚ ਵੀ ਪੰਜਾਬੀ ਪਰਿਵਾਰਾਂ ਵਿੱਚ ਘਰ ਵਿੱਚ ਅੰਗਰੇਜੀ ਤੇ ਹਿੰਦੀ ਬੋਲਣ ਦਾ ਰਿਵਾਜ ਵਧੀ ਜਾਂਦਾ ਏ। ਅੰਗਰੇਜੀ ਭਾਖੀ ਪਾਠਸਾਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਇਜਾਜਤ ਨਾ ਹੋਣ ਦਾ ਤੱਥ ਤਾਂ ਹਰ ਕੋਈ ਜਾਣਦਾ ਈ ਏ।

ਸੋ, ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਭਾਖੀਆਂ ਦਾ ਪੰਜਾਬੀ ਵੱਲ ਵਤੀਰਾ ੩-੪ ਅੰਕਾਂ ਦੇ ਵਿਚਕਾਰਲੀ ਸਥਿਤੀ ਵਿੱਚ ਈ ਏ।

**ਕਾਰਕ-੯: ਭੰਡਾਰਣ ਦੀ ਕਿਸਮ ਤੇ ਗੁਣਵੱਤਾ** : ਭਾਖਾ ਦੇ ਜੀਵਨ ਤੇ ਵਿਗਾਸ ਲਈ ਲਿਖਤੀ ਸਮੱਗਰੀ ਦੀ ਮਾਤਰਾ, ਕਿਸਮ ਅਤੇ ਗੁਣ-ਪੱਧਰ ਬੜੀ ਮਹੱਤਾ ਵਾਲਾ ਏ। ਇਸ ਅਧਾਰ 'ਤੇ ਯੂਨੈਸਕੋ ਦੀ ਲਿਖਤ ਭਾਖਾਵਾਂ ਦੀ ਅਵਸਥਾ ਨੂੰ ਹੇਠਲੇ ਛੇ ਵਰਗਾਂ ਵਿੱਚ ਵੰਡਦੀ ਏ (ਯੂਨੈਸਕੋ ੨੦੦੩:੧੬):

**ਕਾਰਕ-੯: ਭੰਡਾਰਣ ਦੀ ਕਿਸਮ ਅਤੇ ਗੁਣ-ਪੱਧਰ:**

| ਭੰਡਾਰਣ ਦਾ ਪੱਧਰ | ਦਰਜਾ | ਭਾਖਾ ਭੰਡਾਰਣ |
|---|---|---|
| ਉੱਤਮ | ੫ | ਵੱਡੇ ਕੋਸ਼ ਤੇ ਵਿਆਕਰਣਾਂ ਤੇ ਵਿਸਥਾਰ ਵਿੱਚ ਪਾਠ ਸਮੱਗਰੀ ਹਾਸਲ ਏ ਤੇ ਭਾਖਾ ਸਮੱਗਰੀ ਲਗਾਤਾਰ ਪੈਦਾ ਹੁੰਦੀ ਪਈ ਏ। ਉੱਚੇ ਦਰਜੇ ਦੇ ਤੇ ਵੱਡੀ ਪੱਧਰ 'ਤੇ ਸਰਵਣੀ ਅਤੇ ਦਰਸ਼ਨੀ ਸਰੋਤ ਵੇਰਵਿਆਂ ਸਹਿਤ ਹਾਸਲ ਨੇ। |
| ਚੰਗਾ | ੪ | ਇਕ ਚੰਗਾ ਵਿਆਕਰਣ ਹਾਸਲ ਏ; ਲੋੜ ਜੋਗੀਆਂ ਵਿਆਕਰਣਾਂ, ਕੋਸ਼, ਪਾਠ-ਸਮੱਗਰੀ ਤੇ ਸਾਹਿਤ ਹਾਸਲ ਏ; ਸੰਚਾਰ-ਮਾਧਿਅਮ ਦੇ ਰੋਜਾਨਾਂ ਸਾਧਨ ਹੈ ਨੇ ਤੇ ਉੱਚੇ ਦਰਜੇ ਦੇ ਤੇ ਵੱਡੀ ਪੱਧਰ 'ਤੇ ਸਰਵਣੀ ਅਤੇ ਦਰਸ਼ਨੀ ਸਰੋਤ ਵੇਰਵਿਆਂ ਸਹਿਤ ਹਾਸਲ ਨੇ। |
| ਸੰਤੋਖਜਨਕ | ੩ | ਇੱਕ ਲੋੜ ਜੋਗੀ ਜਾਂ ਕਈ ਆਮ ਵਿਆਕਰਣਾਂ, ਕੋਸ਼ ਤੇ ਪਾਠ ਸਮੱਗਰੀ ਹਾਸਲ ਏ ਪਰ ਰੋਜਾਨਾਂ ਸੰਚਾਰ-ਮਾਧਿਅਮ ਹਾਸਲ ਨਹੀਂ ਹਨ; ਘੱਟ-ਵੱਧ ਗੁਣਵੱਤਾ ਵਾਲੇ ਤੇ ਘੱਟ-ਵੱਧ ਵੇਰਵਿਆਂ ਸਹਿਤ ਸਰਵਣੀ ਤੇ ਦਰਸ਼ਨੀ ਸਰੋਤ ਹਾਸਲ ਹੋ ਸੱਕਦੇ ਨੇ। |
| ਮਾਮੂਲੀ | ੨ | ਕੁਝ ਵਿਆਕਰਣਵੀ ਰੂਪ-ਰੇਖਾਵਾਂ, ਸ਼ਬਦ-ਸੂਚੀਆਂ ਤੇ ਪਾਠ ਸਮੱਗਰੀ ਹਾਸਲ ਨੇ ਜਿਹੜੀਆਂ ਸੀਮਿਤ ਜਿਹੀ ਭਾਖਾ ਵਿਗਿਆਨਵੀ ਖੋਜ ਲਈ ਕੰਮ ਸਾਰ ਸੱਕਦੀਆਂ ਨੇ ਪਰ ਇਹਨਾਂ ਦਾ ਘੇਰਾ ਸੀਮਤ ਜਿਹਾ ਏ। ਘੱਟ-ਵੱਧ ਗੁਣ-ਪੱਧਰ ਵਾਲੇ (ਵੇਰਵਿਆਂ ਸਹਿਤ ਜਾਂ ਵੇਰਵਿਆਂ ਤੋਂ ਬਿਨਾਂ) ਸਰਵਣੀ ਅਤੇ ਦਰਸ਼ਨੀ ਸਰੋਤ ਹਾਸਲ ਨੇ। |
| ਨਾਕਾਫੀ | ੧ | ਕੇਵਲ ਕੁਝ ਕੁ ਵਿਆਕਰਣਵੀ ਰੂਪ-ਰੇਖਾਵਾਂ, ਸੰਖੇਪ ਸ਼ਬਦ-ਸੂਚੀਆਂ ਤੇ ਟੁੱਟੀ-ਫੁੱਟੀ ਪਾਠ ਸਮੱਗਰੀ ਹਾਸਲ ਏ। ਸਰਵਣੀ ਤੇ ਦਰਸ਼ਨੀ ਸਰੋਤ ਜਾਂ ਹਾਸਲ ਨਹੀਂ ਜਾਂ ਵਰਤੋਂ ਵਾਲੀਆਂ ਨਹੀਂ ਜਾਂ ਕੋਈ ਵੇਰਵੇ ਨਹੀਂ ਦਿੱਤੇ ਗਏ। |
| ਕੋਈ ਭੰਡਾਰਣ ਨਹੀਂ | ੦ | ਕਿਸੇ ਸਮੱਗਰੀ ਦੀ ਹੋਂਦ ਨਹੀਂ ਏ। |

ਹੋਰ ਕਾਰਕਾਂ ਦੇ ਮੁਕਾਬਲੇ ਭੰਡਾਰਣ ਦੇ ਪੱਖ ਤੋਂ ਪੰਜਾਬੀ ਭਾਖਾ ਦੀ ਅਵਸਥਾ ਭਾਰਤ ਵਾਲੇ ਪਾਸੇ ਉਤਸਾਹ ਦੇਣ ਵਾਲੀ ਏ। ਪੰਜਾਬੀ ਭਾਖਾ ਵਿੱਚ ਵੱਡੀ ਮਾਤਰਾ ਵਿੱਚ ਹਵਾਲਾ ਸਮੱਗਰੀ, ਪਾਠ-ਸਮੱਗਰੀ ਤੇ ਕਲਾ ਸਮੱਗਰੀ ਹਾਸਲ ਏ। ਇਹਨਾਂ ਦੀ ਪੱਧਰ ਭਾਵੇਂ ਦੁਨੀਆਂ ਦੀਆਂ ਵਧੇਰੇ ਵਰਤੋਂ ਵਿਚਲੀਆਂ ਭਾਖਾਵਾਂ ਅੰਗਰੇਜੀ, ਫਾਰਾਂਸੀਸੀ, ਜਰਮਨ ਆਦਿ ਦੇ ਪੱਧਰ ਦੀ ਤਾਂ ਭਾਵੇਂ ਨਹੀਂ ਏ, ਪਰ ਇਹ ਸਮੱਗਰੀ ਪੰਜਾਬੀ ਭਾਖਾ ਦੀ ਵਰਤੋਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰ ਸੱਕਦੀ ਏ। ਵਿਗਿਆਨ ਤੇ ਤਕਨਾਲੋਜੀ ਆਦਿ ਦੀ ਉੱਚ ਸਿੱਖਿਆ ਲਈ ਸਮੱਗਰੀ ਦੀ ਘਾਟ ਜਰੂਰ ਏ ਪਰ ਇਹ ਸਮੱਗਰੀ ਥੋੜ੍ਹੇ ਜਤਨਾਂ ਨਾਲ ਪੈਦਾ ਕੀਤੀ ਜਾ ਸੱਕਦੀ ਏ ਤੇ ਇਸ ਲਈ ਨੀਂਹ ਮੌਜੂਦ ਹੈ।

ਇਹ ਜਰੂਰ ਚਿੰਤਾ ਵਾਲੀ ਗੱਲ ਏ ਪਈ ਸ਼ਬਦ-ਭੰਡਾਰ ਦੀ ਪੱਧਰ ‘ਤੇ ਭਾਰਤੀ ਪੰਜਾਬੀ ਤੇ ਪਾਕਿਸਤਾਨੀ ਪੰਜਾਬੀ ਬੜੀਆਂ ਦੂਰ ਹੋ ਗਈਆਂ ਨੇ ਤੇ ਇੱਕ ਪਾਸੇ ਦੀ ਤਕਨੀਕੀ ਸਮੱਗਰੀ ਦੂਜੇ ਪਾਸੇ ਵਰਤਣੀ ਔਖੀ ਏ। ਪਾਕਿਸਤਾਨ ਵਾਲੇ ਪਾਸੇ ਪੰਜਾਬੀ ਸਮੱਗਰੀ ਬੜੀ ਥੋੜ੍ਹੀ ਮਿਲਦੀ ਏ ਤੇ ਉਹ ਵੀ ਵਧੇਰੇ ਸਾਹਿਤੀ ਕਿਸਮ ਦੀ ਏ। ਵਿਗਿਆਨ, ਤਕਨਾਲੋਜੀ ਤੇ ਸਿੱਖਿਆ ਲਈ ਲੋੜੀਂਦੀ ਸਮੱਗਰੀ ਪਾਕਿਸਤਾਨ ਵਿੱਚ ਵਰਤਮਾਨ ਵਿੱਚ ਉੱਕਾ ਈ ਤਿਆਰ ਨਹੀਂ ਕੀਤੀ ਗਈ।

ਇੰਞ, ਸਮੱਗਰੀ ਦੀ ਹੋਂਦ ਦੇ ਪੱਖੋਂ ਪਾਕਿਸਤਾਨ ਵਿੱਚ ਪੰਜਾਬੀ ਦੀ ਅਵਸਥਾ ੨ ਅੰਕਾਂ ਤੋਂ ਵੱਧ ਵਾਲੀ ਨਹੀਂ ਲੱਗਦੀ।
ਭਾਰਤ ਵਿੱਚ ਸਮੱਗਰੀ ਦੀ ਹੋਂਦ ਦੇ ਪੱਖੋਂ ਪੰਜਾਬੀ ਦੀ ਅਵਸਥਾ ੪ ਤੇ ੫ ਅੰਕਾਂ ਵਿਚਕਾਰ ਰੱਖੀ ਜਾ ਸੱਕਦੀ ਏ।

**ਨਿਚੋੜ**: ਭਾਖਾ ਕਿਉਂਕਿ ਸਮਾਜੀ ਵਰਤਾਰਾ ਏ, ਇਸ ਲਈ ਭਾਖਾਈ ਮਸਲਿਆਂ ਨੂੰ ਗਣਿਤੀ ਰੂਪ ਵਿੱਚ ਪੇਸ਼ ਕਰਨਾ ਔਖਾ ਏ। ਪਰ ਹੇਠਲੀ ਸਾਰਣੀ ਪੰਜਾਬੀ ਭਾਖਾ ਦੀ ਅਵਸਥਾ ਨੂੰ ਸਮਝਣ ਵਿੱਚ ਮਦਦ ਜਰੂਰ ਕਰ ਸੱਕਦੀ ਏ (ਸਾਰੇ ਅੰਕ ਕੁੱਲ ੫ ਅੰਕਾਂ ਵਿੱਚੋਂ ਨੇ):

| **ਕਾਰਕ ਅੰਕ** | **ਕਾਰਕ ਦਾ ਨਾਂ** | **ਭਾਰਤੀ ਪੰਜਾਬ** | **ਪਾਕਿਸਤਾਨੀ ਪੰਜਾਬ** | **ਭਾਰਤ-ਪਾਕਿ ਦੇ ਹੋਰ ਰਾਜ** | **ਪਰਦੇਸ** |
|---|---|---|---|---|---|
| ।. | ਪੀੜ੍ਹੀਓ-ਪੀੜ੍ਹੀ ਸੰਚਾਰ | ੪ | ੩ | ੨ | ੨ |
| ੨. | ਬੁਲਾਰਿਆਂ ਦੀ ਗਿਣਤੀ | ੫ | ੫ | ੩ | ੨ |
| ੩. | ਕੁੱਲ ਅਬਾਦੀ ਵਿੱਚ ਬੁਲਾਰਿਆਂ ਦਾ ਅਨੁਪਾਤ | ੪ | ੩ | ੨ | ੨ |
| ੪. | ਭਾਖਾਈ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ | ੩ | ੨ | ਭਾਰਤ-੨<br>ਪਾਕਿ-੧ | ੧ |
| ੫. | ਨਵੇਂ ਖੇਤਰਾਂ ਤੇ ਸੰਚਾਰ ਮਾਧਿਅਮਾਂ ਨੂੰ ਹੁੰਗਾਰਾ | ੩½ | ੧ | ਭਾਰਤ-੨<br>ਪਾਕਿ-੧ | ੨ |
| ੬. | ਭਾਖਾਈ ਸਿੱਖਿਆ ਤੇ ਸਾਖਰਤਾ ਲਈ ਹਾਸਲ ਸਮੱਗਰੀ | ੪½ | ੧ | ਭਾਰਤ-੨<br>ਪਾਕਿ-੧ | ੨ |
| ੭. | ਸਰਕਾਰ ਤੇ ਸੰਸਥਾਵਾਂ ਦਾ ਭਾਖਾਈ ਵਤੀਰਾ ਤੇ ਨੀਤੀਆਂ | ੩½ | ੧ | ਭਾਰਤ-੨<br>ਪਾਕਿ-੧ | ੪ |
| ੮. | ਭੰਡਾਰਣ ਦੀ ਕਿਸਮ ਤੇ ਗੁਣ-ਪੱਧਰ | ੪½ | ੨ | ਭਾਰਤ-੩<br>ਪਾਕਿ-੧ | ੨ |
| ੯. | ਭਾਖਾਈ ਸਮੂਹ ਦਾ ਭਾਖਾਈ ਵਤੀਰਾ | ੩½ | ੨ | ਭਾਰਤ-੩<br>ਪਾਕਿ-੨ | ੨ |
| | ਜੋੜ ੯×੫=੪੫ ਵਿੱਚੋ | ੩੫½ | ੨੦ | ਭਾਰਤ-੨੧<br>ਪਾਕਿ-੧੪ | ੧੯ |

**ਪੰਜਾਬੀ ਭਾਖਾ ਦਾ ਭਲਕ**: ਪੰਜਾਬੀ ਭਾਖਾ ਨੂੰ ਮੋਹ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਇਹ ਅੰਕੜੇ ਬੜਾ ਡਰ ਪੈਦਾ ਕਰਨ ਵਾਲੇ ਨੇ, ਕਿਉਂਕਿ ਪੂਰੀ ਤਰ੍ਹਾਂ ਸੁਰੱਖਿਆ ਵਿੱਚ ਉਹ ਭਾਖਾ ਈ ਆਖੀ ਜਾ ਸਕਦੀ ਏ ਜਿਹੜੀ ੪੫ਆਂ ਵਿਚੋਂ ੪੫ ਅੰਕ ਲੈਂਦੀ ਹੋਵੇ, ਜਾਂ ਇਸ ਅੰਕੜੇ ਦੇ ਨੇੜੇ ਹੋਵੇ। ਪਾਕਿਸਤਾਨ ਵਿੱਚ ਪੰਜਾਬੀ ਬੁਲਾਰਿਆਂ ਦੀ ਕੋਈ ਦੋ-ਤਿਹਾਈ ਗਿਣਤੀ ਵੱਸਦੀ ਏ, ਪਰ ਪਾਕਿਸਤਾਨ ਵਿੱਚ ਪੰਜਾਬੀ ਦਾ ਹਾਲ ਪਰਦੇਸਾਂ ਤੋਂ ਵੀ ਮਾੜਾ ਏ। ਸੋ, ਜੇ ਪਾਕਿਸਤਾਨ ਵਿੱਚ ਮੌਜੂਦਾ ਰੁਝਾਨ ਜਾਰੀ ਰਹਿੰਦਾ ਏ ਤਾਂ ਓਥੇ ਪੰਜਾਬੀ ਚੋਖੇ ਦਹਾਕਿਆਂ ਦੀ ਪ੍ਰਾਹੁਣੀ ਨਹੀਂ ਏਂ; ਤੇ ਭਾਰਤ ਵਿੱਚ ਵੀ ਪੰਜਾਬੀ ਨੂੰ ਖਤਰੇ ਤੋਂ ਬਾਹਰ ਨਹੀਂ ਆਖਿਆ ਜਾ ਸੱਕਦਾ।

ਏਥੇ ਇਹ ਸੁਆਲ ਕੀਤਾ ਜਾ ਸੱਕਦਾ ਏ ਪਈ ਜੇ ਪੰਜਾਬੀ ਸਦੀਆਂ ਤੋਂ ਜਿਉਂਦੀ ਏ ਤਾਂ ਭਵਿੱਖ ਵਿੱਚ ਪੰਜਾਬੀ ਨੂੰ ਏਡਾ ਵੱਡਾ ਖਤਰਾ ਕਿਉਂ ਏਂ?

ਅਜਿਹੇ ਸਵਾਲ ਦਾ ਜੁਆਬ ਇਹਨਾਂ ਪੰਗਤੀਆਂ ਦਾ ਲਿਖਾਰੀ ਆਪਣੇ ਇੱਕ ਲੇਖ ਵਿੱਚ ਪਹਿਲਾਂ ਵੀ ਦੇ ਚੁੱਕਾ ਏ। ਏਥੇ ਉਹ ਜੁਆਬ ਈ ਦੁਹਰਾਇਆ ਜਾਂਦਾ ਪਿਆ ਏ। ਭਾਰਤੀ ਉਪ-ਮਹਾਂਦੀਪ ਦੀ ਅਜਾਦੀ ਤੋਂ ਬਾਅਦ ਦੀ ਭਾਖਾਈ ਸਥਿਤੀ ਪਹਿਲੇ ਵੇਲੇ ਨਾਲੋਂ ਬਦਲ ਗਈ ਏ। ਸਿੱਖਿਆ, ਪ੍ਰਸ਼ਾਸਨ ਤੇ ਸੰਚਾਰ ਮਾਧਿਅਮਾਂ ਦੇ ਥੋੜੇ ਪਸਾਰ ਕਰਕੇ ਅਜਾਦੀ ਤੋਂ ਪਹਿਲਾ ਭਾਰਤੀ ਉਪਮਹਾਂਦੀਪ ਦੀ ਲਗਭਗ ਸਾਰੀ ਅਬਾਦੀ ਆਪਣੀਆਂ ਮਾਤ ਭਾਖਾਵਾਂ ਦੇ ਭਾਖਾਈ ਪ੍ਰਸੰਗ ਵਿੱਚ ਈ ਵਿਚਰਦੀ ਸੀ। ਪਰ ਅਜਾਦੀ ਤੋਂ ਬਾਅਦ ਪਾਠਸਾਲੀ ਸਿੱਖਿਆ, ਪ੍ਰਸ਼ਾਸਨ ਤੇ ਸੰਚਾਰ ਮਾਧਿਅਮਾਂ ਦਾ ਵੱਡਾ ਪਸਾਰ ਹੋਇਆ ਏ (ਭਾਵੇਂ ਪਾਕਿਸਤਾਨ ਵਿੱਚ ਹਾਲਤ ਮਾੜੀਓ ਈ ਏ) ਤੇ ਇਸ ਪਸਾਰ ਰਹੀਂ ਪੰਜਾਬੀ ਅਬਾਦੀ ਦਾ ਗੈਰ-ਪੰਜਾਬੀ ਭਾਖਾਵਾਂ ਨਾਲ ਬਹੁਤ ਵੱਡੇ ਪੱਧਰ 'ਤੇ ਵਾਹ ਪਿਆ ਏ; ਅਤੇ, ਮੰਦੇ ਭਾਗੀ, ਇਹਨਾਂ ਦੂਜੀਆਂ ਭਾਖਾਵਾਂ ਨੂੰ ਸਰਕਾਰੇ-ਦਰਬਾਰੇ ਮਾਤ-ਭਾਖਾਵਾਂ ਨਾਲੋਂ ਕਿਧਰੇ ਵੱਡਾ ਰੁਤਬਾ ਹਾਸਲ ਏ।

ਪਾਕਿਸਤਾਨ ਨੇ ਤਾਂ ਪਾਕਿਸਤਾਨ ਦੇ ਜਨਮ ਦਿਨ ਤੋਂ ਈ ਸਿੱਖਿਆ ਦਾ ਮਾਧਿਅਮ ਕੇਵਲ ਉਰਦੂ ਤੇ ਅੰਗਰੇਜੀ ਨੂੰ ਈ ਬਣਾਇਆ ਹੋਇਆ ਏ। ਭਾਰਤ ਵਿੱਚ ੮੦ਵਿਆਂ ਤੱਕ ਹਾਲਤ ਕੁਝ ਠੀਕ ਸੀ ਪਰ ੮੦ਵਿਆਂ ਤੋਂ ਪਿੱਛੋਂ ਰਾਜਸੀ ਤੇ ਭਾਰੂ ਵਰਗ ਦੀ ਅਕਲ (ਤੇ ਨੀਤ) ਨੂੰ ਪੁੱਠਾ ਗੇੜਾ ਆ ਗਿਆ ਏ। ਮਾਤ ਭਾਖਾ ਤੇ ਸਿੱਖਿਆ ਬਾਰੇ ਦੁਨੀਆਂ ਦੇ ਕਿਸੇ ਵੀ ਸਿਆਣੇ ਦਾ ਇੱਕ ਵੀ ਸ਼ਬਦ ਆਪਣੇ ਕੰਨੀਂ ਤੇ ਅੱਖੀਂ ਨਾਂ ਪੈਣ ਦੇਣ ਦੀ ਇਸ ਨੇ ਪੱਕੀ ਸਹੁੰ ਖਾਧੀ ਹੋਈ ਲੱਗਦੀ ਏ। ਨਤੀਜੇ ਵੱਜੋਂ, ਭਾਰਤ ਵਿੱਚ ਵੀ ਮਾਤ ਭਾਖਾਵਾਂ ਨੂੰ ਸਿੱਖਿਆ, ਪ੍ਰਸ਼ਾਸਨ, ਅਰਥਵੀ, ਸਮਾਜੀ ਤੇ ਹੋਰ ਖੇਤਰਾਂ ਵਿੱਚੋਂ ਬਾਹਰ ਕੱਢ ਸੁੱਟਣ ਲਈ ਇਹ ਵਰਗ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਇਹ ਗੱਲ ਮਾੜੀ ਲੱਗ ਸਕਦੀ ਏ ਪਰ ਹੈ ਸੱਚ ਪਈ ਭਾਰਤੀ ਉਪਮਹਾਂਦੀਪ ਦੀਆਂ ਅਜੋਕੀਆਂ ਮਾਤ ਭਾਖਾਵਾਂ ਨੂੰ ਜੋ ਮਾਰ ਅਜਾਦੀ ਤੋਂ ਪਿੱਛੋਂ ਪਈ ਏ ਉਹ ਪਹਿਲਾਂ ਕਦੇ ਵੀ ਨਹੀਂ ਸੀ ਪਈ। ਦੂਜੀਆਂ ਭਾਖਾਵਾਂ ਨੂੰ ਹਰ ਖੇਤਰ ਵਿੱਚ ਸਰਦਾਰੀ ਬਖਸ਼ ਦਿੱਤੀ ਜਾਣ ਕਰਕੇ ਜਨਸਧਾਰਣ ਨੂੰ ਆਪਣੀਆਂ ਭਾਖਾਵਾਂ ਦੀ ਸ਼ਕਤੀ 'ਤੇ ਵੀ ਸ਼ੱਕ ਹੋਣ ਲੱਗਾ ਏ ਤੇ ਅੰਗਰੇਜੀ ਦਾਸ ਬਿਰਤੀ ਅਜਾਦੀ ਤੋਂ ਪਹਿਲਾਂ ਨਾਲੋਂ ਵੀ ਡੂੰਘੀ ਹੋ ਗਈ ਏ। ਜਨਸਧਾਰਣ ਬਹੁਤੇ ਭਾਰੂ ਵਰਗ ਦਾ ਹੀ ਪਿਛਲੱਗ ਹੁੰਦਾ ਏ ਤੇ ਭਾਰੂ ਵਰਗ ਦਾ ਇਹ ਹਾਲ ਏ ਪਈ ਜੇ ਇਹਦਾ ਵੱਸ ਚੱਲੇ ਤਾਂ ਇਹ ਸ਼ਾਇਦ ਆਪਣੇ ਪਿਤਰਾਂ ਦੇ ਨਾਂ ਵੀ ਇੰਞ ਬਦਲ ਲਵੇ ਪਈ ਉਹ ਅੰਗਰੇਜ ਲੱਗਣ ਲੱਗ ਜਾਣ। ਇਹਨਾਂ ਬਦਲੀਆਂ ਹਾਲਤਾਂ ਕਰਕੇ ਏ ਪਈ ਭਾਰਤੀ ਉਪਮਹਾਂਦੀਪ ਦੀਆਂ ਅਜੋਕੀਆਂ ਮਾਤ ਭਾਖਾਵਾਂ ਪਹਿਲਾਂ ਤਾਂ ਸਦੀਆਂ ਤੋਂ ਜਿਉਂਦੀਆਂ ਤੇ ਵਿਗਸਦੀਆਂ ਆਉਂਦੀਆਂ ਨੇ, ਪਰ ਹੁਣ ਉਹਨਾਂ ਨੂੰ ਅੰਗਰੇਜੀ, ਉਰਦੂ, ਤੇ ਹਿੰਦੀ ਦੀਆਂ ਜਹਿਰੀ ਗੈਸ ਕੋਠੜੀਆਂ ਵਿੱਚ ਪਾ ਦਿੱਤਾ ਗਿਆ ਏ ਤੇ ਇਹਨਾਂ ਦੇ ਅਲੋਪ ਹੋ ਜਾਣ ਦਾ ਖਤਰਾ ਸੱਚਾ ਬਣ ਗਿਆ ਏ। ਪਿਆਰੇ ਪੰਜਾਬੀ ਭੈਣੋਂ-ਭਰਾਵੋ! ਕੀ ਅਜਾਦੀ ਇਸ ਲਈ ਲਈ ਸੀ?

ਇਹ ਵੀ ਕਈ ਵਾਰ ਸੁਣਨ ਨੂੰ ਮਿਲਦਾ ਏ ਪਈ ਜਿਹੜੀ ਭਾਖਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੀ ਮਹਾਨ ਰਚਨਾ ਵਿਦਮਾਨ ਹੋਵੇ ਜਾਂ ਜਿਸ ਵਿੱਚ ਸੂਫੀਆਂ ਦਾ ਸੰਦੇਸ ਦਰਜ ਹੋਵੇ ਉਹ ਭਾਖਾ ਕਦੇ ਨਹੀਂ ਮਰ ਸਕਦੀ। ਇਹ ਆਸ ਚੰਗੀ ਏ, ਤੇ ਆਸਰਾ ਵੱਡਾ ਏ, ਪਰ ਇਹ ਨਹੀਂ ਭੁੱਲਣਾ ਚਾਹੀਦਾ ਪਈ ਵੇਦ, ਉਪਨਿਸ਼ਦ ਤੇ ਪੁਰਾਣ ਸੰਸਕ੍ਰਿਤ ਵਿੱਚ ਰਚੇ ਗਏ ਸਨ। ਪਰ ਮੁੜ ਵੀ ਸੰਸਕ੍ਰਿਤ ਬੱਸ ਕਿਤਾਬਾਂ ਵਿੱਚ ਈ ਧਰੀ ਮਿਲਦੀ ਹੈ, ਜਿਨ੍ਹਾਂ ਨੂੰ ਪੜ੍ਹ ਵੀ ਨਿਗੂਣੇ ਵਿਅਕਤੀਓ ਈ ਸੱਕਦੇ ਨੇ।

ਕੋਈ ਵਿਗਾਸ ਦਰਾਂ ਦਾ ਵਕੀਲ ਇਹ ਸੁਆਲ ਵੀ ਕਰ ਸੱਕਦਾ ਏ ਪਈ ਆਖਰ ਮਾਤ ਭਾਖਾਵਾਂ ਨੂੰ ਬਚਾਉਣ ਦਾ ਲਾਭ ਈ ਕੀ ਏ? ਉਂਞ ਤਾਂ ਇਹ ਸੁਆਲ ਇਹੋ ਜਿਹਾ ਈ ਏ ਜਿਵੇਂ ਕਿਸੇ ਦੀ ਵਡੇਰੀ ਮਾਂ ਬਿਮਾਰ ਪਈ ਹੋਵੇ ਤੇ ਪੁਛਿੱਆ ਜਾਵੇ ਕਿ ਆਖਰ ਇਸ ਬੁੱਢੀ ਮਾਂ ਨੂੰ ਬਚਾਉਣ ਦਾ ਕੀ ਲਾਭ ਏ, ਪਰ ਮੁੜ ਵੀ ਸੁਆਲ ਤੇ ਸੁਆਲ ਈ ਏ ਭਾਵੇਂ ਕਿੰਨਾ ਵੀ ਘਟੀਆ ਕਿਉਂ ਨਾ ਹੋਵੇ। ਸੋ, ਜੁਆਬ ਦੇਣਾ ਬਣਦਾ ਏ ਤੇ ਜੁਆਬ ਬੜਾ ਸਰਲ ਵੀ ਏ। ਅਜਿਹੇ ਸੁਆਲੀਏ ਨੂੰ ਬੱਸ ਸਨਿਮਰ ਬੇਨਤੀ ਏ ਪਈ ਆਪਣੀਆਂ ਅੱਖਾਂ ਖੋਲ੍ਹਣ ਦੀ ਕਿਰਪਾਲਤਾ ਕਰਕੇ ਸਾਰੇ ਦੇਸਾਂ 'ਤੇ ਝਾਤੀ ਮਾਰੇ ਪਈ ਮਾਤ ਭਾਖਾਵਾਂ ਨੂੰ ਮਾਂ ਮੰਨਣ ਵਾਲੇ ਦੇਸ ਦੂਜੀ ਤਰ੍ਹਾਂ ਵਾਲਿਆਂ ਦੇ ਮੁਕਾਬਲੇ ਅੱਗੇ ਨੇ ਜਾਂ ਪਿੱਛੇ। ਜੇ ਸੱਚ-ਮੁੱਚ ਹਿਸਾਬ ਨਾ ਲੱਗਾ ਸੱਕੇ ਤਾਂ ਭਾਖਾ ਨੀਤੀ ਤੇ ਸਿੱਖਿਆ ਦੇ ਕਿਸੇ ਮਾਹਰ ਦੇ ਚਾਰ ਸ਼ਬਦ ਵਾਚਣ ਦੀ ਕਿਰਪਾਲਤਾ ਕਰੇ। ਜੇ ਫਿਰ ਵੀ ਤਸੱਲੀ ਨਾ ਹੋਵੇ ਤਾਂ ਭਾਰਤ ਵਿੱਚ ਅੰਗਰੇਜੀ ਪੜ੍ਹਾਉਣ ਲਈ ਇਗਲੈਂਡ ਦੀ ਆਈਲਟਸ ਦੇ ਬੈਂਡ ਦੇਣ ਵਾਲੀ ਸੰਸਥਾ ਬ੍ਰਿਟਿਸ਼ ਕੌਂਸਲ ਦੇ ਕਿਸੇ ਦਫਤਰ ਜਾਵੇ ਤੇ ਉਹਨਾਂ ਦੇ ਭਾਖਾ ਮਾਹਰ ਤੋਂ ਪੁੱਛੇ ਪਈ ਅੰਗਰੇਜੀ (ਜਾਂ ਕੋਈ ਵੀ ਪਰਦੇਸੀ ਭਾਖਾ) ਪਹਿਲਾਂ ਕੁਝ ਸਾਲ ਮਾਤ ਭਾਖਾ ਮਾਧਿਅਮ ਵਿੱਚ ਪੜ੍ਹ ਕੇ ਚੰਗੀ ਆਉਂਦੀ ਏ ਜਾਂ ਸਿੱਧੇ ਹੀ ਪਰਦੇਸੀ ਭਾਖਾ ਦੇ ਡੂੰਘੇ ਖੂਹ ਵਿੱਚ ਸੁੱਟ ਕੇ। ਜੇ ਫੇਰ ਵੀ ਮਨ ਨਾ ਮੰਨੇ ('ਮੈਂ ਨਾਂ ਮਾਨੂੰ' ਵਾਲੇ ਦੇ ਮਨ ਨੂੰ ਮਨਾ ਵੀ ਕੌਣ ਸੱਕਦਾ ਹੈ) ਤਾਂ ਪੰਜਾਬ ਵਿੱਚ ਥਾਂ-ਥਾਂ 'ਤੇ ਰਾਹਾਂ ਵਿੱਚ ਭਾਖੜਾ ਆਉਂਦੀ ਏ, ਉਥੇ ਪਹੁੰਚ ਜਾਏ; ਉਸ ਵਿੱਚ ਮਰਨਾ ਬੜਾ ਸੌਖਾ ਏ। ਨਾਲੇ, ਧਰਤੀ ਮਾਂ ਦਾ ਕੁਝ ਭਾਰ ਤਾਂ ਹੌਲਾ ਹੋਵੇਗਾ। ਹਾਂ, ਇਹ ਜਾਮਨੀ ਨਹੀਂ ਦਿੱਤੀ ਜਾ ਸੱਕਦੀ ਪਈ ਸੁਆਲੀਏ ਦੇ ਬਾਲ ਅੰਗਰੇਜੀ ਵਿੱਚ ਧਾਹਾਂ ਮਾਰਨਗੇ।

ਜਾਂਦੇ-ਜਾਂਦੇ ਕੁਝ ਨੁਕਤੇ ਹੋਰ। ਇਸ ਲੇਖ ਵਿੱਚ ਯੂਨੈਸਕੋ ਦੀ ਅਜਿਹੀ ਲਿਖਤ ਨੂੰ ਪੜਚੋਲ ਦਾ ਅਧਾਰ ਬਣਾਇਆ ਗਿਆ ਏ ਜਿਹੜੀ ਭਾਖਾਵਾਂ ਦੇ ਅਲੋਪ ਹੋਣ ਦੇ ਖਤਰੇ ਦੇ ਲੱਛਣਾਂ ਦਾ ਲੇਖਾ-ਜੋਖਾ ਕਰਦੀ ਏ। ਪੰਜਾਬੀ ਵਰਗੀ ਵੱਡੀ ਭਾਖਾ ਦੇ ਵਾਰਸਾਂ ਨੂੰ ਤਾਂ ਇਸ ਸੁਆਲ 'ਤੇ ਚਰਚਾ ਕਰਨ ਦੀ

ਲੋੜ ਪੈ ਜਾਣ 'ਤੇ ਵੀ ਉਦਾਸੀ ਹੋਣੀ ਚਾਹੀਦੀ ਏ। ਪੰਜਾਬੀ ਭਾਖਾਈਆਂ ਲਈ ਤਾਂ ਲੋੜ ਇਸ ਸੁਆਲ 'ਤੇ ਚਰਚਾ ਕਰਨ ਦੀ ਹੋਣੀ ਚਾਹੀਦੀ ਏ ਪਈ ਪੰਜਾਬੀ ਨੂੰ ਅੰਗਰੇਜੀ, ਫਰਾਂਸੀਸੀ, ਜਰਮਨ, ਚੀਨੀ, ਅਰਬੀ, ਸਪੇਨੀ ਜਿਹੀਆਂ ਵਧੇਰੇ ਜਾਣੀਆਂ ਜਾਂਦੀਆਂ ਭਾਖਾਵਾਂ ਦੇ ਹਾਣ ਦਾ ਅੱਜ ਕਿਵੇਂ ਬਣਾਇਆ ਜਾਵੇ। ਇਹ ਹੋ ਵੀ ਬੜੇ ਥੋੜੇ ਸਾਂਝੇ ਜਤਨਾਂ ਨਾਲ ਸੱਕਦਾ ਏ। ਲੋੜ ਬੱਸ ਇਸ ਲਈ ਕਾਇਲ ਹੋਣ ਦੀ ਏ। ਇੰਟਰਨੈੱਟ ਤੇ ਕੰਪਿਊਟਰ ਤਕਨਾਲੋਜੀ ਨੇ ਹਰ ਭਾਖਾ ਦੇ ਬੁਲਾਰਿਆਂ ਦੇ ਹੱਥ ਵਿੱਚ ਅਜਿਹਾ ਸ਼ਸਤਰ ਦੇ ਦਿੱਤਾ ਏ ਪਈ ਕਿਸੇ ਵੀ ਭਾਖਾ ਨੂੰ ਪਹਿਲਾਂ ਨਾਲੋਂ ਕਿਧਰੇ ਥੋੜੇ ਜਤਨਾਂ ਨਾਲ ਉਚਾਣਾਂ ਤੇ ਅਪੜਾਇਆ ਜਾ ਸੱਕਦਾ ਏ। ਏਥੇ ਹਿਬਰਿਊ ਭਾਖਾ ਦੀ ਮਿਸਾਲ ਉਤਸਾਹ ਦੇਣ ਵਾਲੀ ਏ। ਬਾਈਬਲ ਦੀ ਭਾਖਾ ਹਿਬਰਿਊ ਬੋਲ-ਚਾਲ 'ਚੋਂ ਅਲੋਪ ਹੋ ਚੁੱਕੀ ਭਾਖਾ ਸੀ। ਪਰ ਯਹੂਦੀ ਕੌਮ ਨੇ ਸਕੂਲਾਂ ਵਿੱਚ ਆਪਣੇ ਸਧਾਰਣ ਜਿਹੇ ਜਤਨਾਂ ਨਾਲ ਇਸ ਨੂੰ ਜਿਉਂਦੀ ਜਾਗਦੀ ਭਾਖਾ ਬਣਾ ਦਿੱਤਾ ਏ। ਇੰਞ ਹੀ ਯੂਨੈਸਕੋ ਨੇ ਆਪਣੇ ਜਤਨਾਂ ਨਾਲ ਕਈ ਹੋਰ ਭਾਖਾਵਾਂ ਨੂੰ ਅਲੋਪ ਹੋਣ ਤੋਂ ਬਚਾ ਕੇ ਵਿਗਸਣ ਦੇ ਰਾਹ ਪਾ ਦਿੱਤਾ ਏ। ਮੇਘਾਲਿਆ ਦੀ ਇੱਕ ਭਾਖਾ ਖਾਸੀ ਜਿਹੜੀ ਇੱਕ ਵੇਲੇ ਯੂਨੈਸਕੋ ਦੀ 'ਖਤਰੇ ਹੇਠਲੀਆਂ ਭਾਖਾਵਾਂ ਦੀ ਸੂਚੀ' ਵਿੱਚ ਸੀ ਹੁਣ ਉਸ ਸੂਚੀ 'ਚੋਂ ਕੱਢ ਲਈ ਗਈ ਏ। ਇਸ ਦਾ ਵੱਡਾ ਕਾਰਣ ਮੇਘਾਲਿਆ ਸਰਕਾਰ ਵੱਲੋਂ ਖਾਸੀ ਨੂੰ ਸਰਕਾਰੀ ਕੰਮ-ਕਾਜ ਦੀਆਂ ਭਾਖਾਵਾਂ ਵਿੱਚ ਸ਼ਾਮਲ ਕਰਨ ਕਰਕੇ ਹੋਇਆ ਏ। ਇਸ ਦੇ ਨਤੀਜੇ ਵੱਜੋਂ ਖਾਸੀ ਦੀ ਵਰਤੋਂ ਭਿੰਨ-ਭਿੰਨ ਖੇਤਰਾਂ (ਜਿਵੇਂ ਪਾਠਸਾਲ ਸਿੱਖਿਆ, ਰੇਡੀਓ, ਟੈਲੀਵਿਜਨ ਆਦਿ) ਵਿੱਚ ਹੋਣ ਲੱਗੀ ਏ ਤੇ ਇਹ ਜਿਉਂਦੀ-ਜਾਗਦੀ ਭਾਖਾ ਬਣ ਗਈ ਏ।

ਇਹ ਵੀ ਬੇਨਤੀ ਏ ਪਈ ਯੂਨੈਸਕੋ ਦੀ ਲਿਖਤ ਦੀ ਦੁਹਾਈ ਨੂੰ ਸ਼ੇਰ-ਸ਼ੇਰ ਈ ਨਾ ਸਮਝ ਲਿਆ ਜਾਵੇ। ਮੇਰੀ ਜਾਚੇ ਜੇ ਇਸ ਲਿਖਤ ਦੇ ਅਧਾਰਾਂ 'ਤੇ ਪੰਜਾਬੀ ਦੀ ਕੋਈ ਚਾਰ ਦਹਾਕੇ ਪਹਿਲਾਂ ਦੀ ਅਵਸਥਾ ਨੂੰ ਅੰਕਿਆ ਜਾਵੇ ਤਾਂ ਪੰਜਾਬੀ ਅੱਜ ਦੇ ਮੁਲੰਕਣ ਨਾਲੋਂ ਵਧੇਰੇ ਅੰਕ ਹਾਸਲ ਕਰੇਗੀ। ਇਹ ਸਬੂਤ ਈ ਇਹ ਜਾਣਨ ਲਈ ਕਾਫੀ ਏ ਪਈ ਪੰਜਾਬੀ ਭਾਖਾ ਦਾ ਰੁਕ ਕਿੱਧਰ ਨੂੰ ਏ, ਵਿਨਾਸ ਵੱਲ ਜਾਂ ਵਿਗਾਸ ਵੱਲ। ਪੰਜਾਬੀ ਦੇ ਅਲੋਪ ਹੋ ਜਾਣ ਦੇ ਡਰ ਦਾ ਜਿਕਰ ਈ ਆਪਣੇ ਆਪ ਵਿੱਚ ਸਬੂਤ ਏ ਪਈ ਡਰ ਪੈਦਾ ਕਰਨ ਵਾਲੇ ਕਾਰਣ ਮੌਜੂਦ ਨੇ। ਧਿਆਨ ਵਿੱਚ ਰੱਖਣ ਵਾਲੀ ਸੱਚਾਈ ਇਹ ਵੇ ਪਈ ਯੂਨੈਸਕੋ ਵੱਲੋਂ ਦੱਸੇ ੯ ਕਾਰਕਾਂ ਵਿਚੋਂ ਕੇਵਲ ਇੱਕ ਕਾਰਕ (ਬੁਲਾਰਿਆਂ ਦੀ ਗਿਣਤੀ) ਈ ਅਜਿਹਾ ਕਾਰਕ ਏ ਜਿਹਦੇ ਅਧਾਰ 'ਤੇ ਪੰਜਾਬੀ ਖਤਰੇ ਤੋਂ ਬਾਹਰ ਆਖੀ ਜਾ ਸੱਕਦੀ ਏ। ਪਰ ਪੂਰਾ ਲੇਖਾ-ਜੋਖਾ ਬੱਸ ਇੱਕ ਕਾਰਕ ਦੇ ਅਧਾਰ 'ਤੇ ਨਹੀਂ ਕੀਤਾ ਜਾ ਸੱਕਦਾ।

ਇਸ ਲੇਖ ਦਾ ਟੀਚਾ ਕੋਈ ਅਕੱਟ ਨਿਰਣੇ ਦੇਣਾ ਵੀ ਨਹੀਂ ਏਂ। ਭਾਖਾ ਸਮਾਜੀ ਵਰਤਾਰਾ ਏ ਤੇ ਇਸ ਬਾਰੇ ਅੰਦਾਜਿਆਂ ਵਿੱਚ ਅੰਤਰਮੁਖੀ ਦੇ ਕੁਝ ਤੱਤ ਸ਼ਾਮਲ ਹੋਣਾ ਸੁਭਾਵੀ ਏ। ਇਸ ਲੇਖ ਵਿਚਲੇ ਅੰਦਾਜੇ ਉਹਨਾਂ ਸਥਿਤੀਆਂ ਬਾਰੇ ਵੀ ਨੇ ਜਿਨ੍ਹਾਂ ਤੱਕ ਸਿੱਧੀ ਪਹੁੰਚ ਜਾਂ ਜਾਣਕਾਰੀ ਹਾਸਲ ਨਹੀਂ ਏਂ (ਜਿਵੇਂ, ਪਾਕਿਸਤਾਨ ਦੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਦੀ ਸਥਿਤੀ)। ਇਸ ਲਈ ਲੋੜ ਏ ਪਈ ਯੂਨੈਸਕੋ ਵਲੋਂ ਪੇਸ਼ ਕਸੌਟੀਆਂ ਦੇ ਅਧਾਰ 'ਤੇ ਪੰਜਾਬੀ ਭਾਖਾ ਦੀ ਅਵਸਥਾ ਦਾ ਹੋਰ ਵਡੇਰਾ ਮੁਲੰਕਣ ਕੀਤਾ ਜਾਵੇ। ਇਹ ਸੁਝਾਅ ਵੀ ਠੀਕ ਹੋਵੇਗਾ ਪਈ ਭਾਖਾ ਮਾਹਰ ਤੇ ਪੰਜਾਬੀ ਭਾਖਾ ਦੇ ਮਾਹਰ ਜੁੜ-ਬਹਿ ਕੇ ਸਬੰਧਤ ਮੁੱਦਿਆਂ 'ਤੇ ਡੂੰਘੀ ਵਿਚਾਰ-ਚਰਚਾ ਕਰਕੇ ਰਾਇ ਬਣਾਉਣ, ਜੋ ਪੰਜਾਬੀਆਂ ਨੂੰ ਇਹਨਾਂ ਸੁਆਲਾਂ ਬਾਰੇ ਸਹੀ ਸਮਝ ਦੇਵੇ। ਇਹ ਸਹੀ ਸਮਝ ਪੰਜਾਬੀ ਭਾਖਾ ਲਈ ਲੋੜੀਂਦੇ ਹੀਲਿਆਂ ਦਾ ਮੁੱਢ ਬੰਨ੍ਹਣ ਵਿੱਚ ਸਹਾਈ ਹੋਵੇਗੀ। ਇਹ ਇੱਕ ਸਚਾਈ ਏ ਪਈ ਪੰਜਾਬੀ ਨੂੰ ਦਿਨੋਂ-ਦਿਨ ਵੱਡਾ ਖੋਰਾ ਲੱਗਦਾ ਪਿਆ ਏ। ਭਾਖਾ ਦਾ ਇਤਿਹਾਸ ਇਹ ਦੱਸਦਾ ਏ ਪਈ ਜੇ ਕਿਸੇ ਭਾਖਾ ਨੂੰ ਖੋਰਾ ਲੱਗਣਾ ਸ਼ੁਰੂ ਹੋ ਜਾਂਦਾ ਏ ਤਾਂ ਉਹ ਉਸੇ ਦਿਨ ਤੋਂ ਹੀ ਅਲੋਪ ਹੋਣ ਦੇ ਖਤਰੇ ਦੇ ਖੇਤਰ ਵਿੱਚ ਦਾਖਲ ਹੋ ਜਾਂਦੀ ਏ, ਇਸ ਅਲੋਪ ਹੋਣ ਦੀ ਪਰਕਿਰਿਆ ਵਿੱਚ ਸਮਾਂ ਭਾਵੇਂ ਕਿੰਨਾ ਵੀ ਲੱਗ ਜਾਵੇ। ਪਰ ਸਾਡਾ ਟੀਚਾ ਪੰਜਾਬੀ ਨੂੰ ਕੇਵਲ ਅਲੋਪ ਹੋਣ ਤੋਂ ਬਚਾਉਣ ਦਾ ਨਹੀਂ ਹੋਣਾ ਚਾਹੀਦਾ। ਸਾਡਾ ਟੀਚਾ ਪੰਜਾਬੀ ਨੂੰ ਏਨੀ ਵਿਗਸੀ ਬਨਾਉਣ ਦਾ ਹੋਣਾ ਚਾਹੀਦਾ ਏ ਜਿੰਨਾ ਕਿਸੇ ਭਾਖਾ ਦਾ ਵਿਗਾਸ ਕਿਸੇ ਭਾਖਾ ਸਮੂਹ ਦੇ ਸਮਾਜੀ, ਅਰਥਵੀ, ਬੋਧੀ, ਤੇ ਸੱਭਚਿਆਚਾਰੀ ਆਦਿ ਵਿਗਾਸ ਲਈ ਅਵੱਸ਼ ਏ; ਅਤੇ, ਇਹਨਾਂ ਖੇਤਰਾਂ ਵਿੱਚ ਮਾਤ ਭਾਖਾ ਨੂੰ ਨੀਂਹ ਬਣਾਏ ਬਿਨਾਂ ਚੰਗਾ ਵਿਗਾਸ ਨਹੀਂ ਹੋ ਸਕਦਾ। ਇਸ ਲਈ ਆਓ ਹਰ ਇੱਕ ਪੰਜਾਬੀ ਇਸ ਸੋਚ ਦਾ ਧਾਰਣੀ ਬਣੀਏਂ ਤੇ ਪੰਜਾਬੀ ਨੂੰ ਵਿਗਸੀ ਤੋਂ ਵਿਗਸੀ ਭਾਖਾ ਦੇ ਹਾਣ ਦਾ ਬਣਾਉਣ ਲਈ ਬਣਦਾ ਹਿੱਸਾ ਪਾਈਏ।

## ਸਰਬੱਤ ਦਾ ਭਲਾ!

## ਪਹਿਲੇ ਪਾਠ ਦੇ ਹਵਾਲੇ ਤੇ ਪੋਥੀਮਾਲਾ


Alisjabana S. Takdir. ੧੯੭੨. Writing a Normative Grammar for Indonesian. *Language Sciences* (Feb. ੧੯੭੨): ੧੧-੧੪.

_____ . ੧੯੭੬. *Language Planning for Modernization*: *The Case of Indonesian and Malaysian.* The Hague: Mouton.

Ammon, Ulrich. ੨੦੦੯. Book Review. *Medium of Instruction Policies: Which Agenda? Whose Agenda?* by J.W. Tollefson and A.B.M. Tsui (eds). Mahwah, NJ and London: Lawrence, Erlbaum, ੨੦੦੪.

Bell, R.T. ੧੯੭੬. *Sociolinguistics: Goals, Approaches and Problems*. New York: St. Martins' Press.

Benson, Carol. ੨੦੦੫. *The Importance of Mother Tongue-based Schooling for Educational Quality, Commissioned Study for EFA Global Monitoring Report.* Centre for Research on Bilingualism, Stockholm University.

Bernstein, B. ੧੯੬੬. Elaborated and Restricted Code: An Outline. *Sociological Inquiry*. ੩੬੨:੨੫੪-੬੧.

_____ . ੧੯੭੧ *Class, Codes and Control: Theoretical Studies towards a Sociology of Language*. London: Routedge & Kegan Paul.

_____ . ੧੯੭੪. *A Brief Account of the Theory of Codes.* Appendix to Bernstein ੧੯੭੧.

Boas, F. ੧੯੧੧. *Handbook of American Indian Languages*. Washington: Smithsonian Inst.

Bokmla, E. & J. Tlou. ੧੯੭੭. The Consequences of the Language Policies of African States vis-a-vis Education. In P. Kotey and H. Der-Houssikian, *Language and Linguistic Problems of Africa*. Columbia. SC: Hornbeam press.

Branko, F. ੧੯੮੦. Laguage Planning and Language Policies in Yugoslavia with Special Reference to Croation and Macedonian. *Lingua*. ੫੧.੧:੫੫-੭੨.

Cronian, S. ੧੯੭੮. Nation Building and the Irish Language Revival Movement. *Eire Ireland*. ੧੩:੭-੧੪.

Davis, F. B. (ed.). ੧੯੬੭. *Philippine Language Teaching Experiments*. Quezon City: Alemar Phoenix.

De Silva, M.W.S. ੧੯੭੬. *Diglossia and Literacy*. Mysore: Central Instiute of Indian Languages.

Dua, H.R. ੧੯੭੬. Language Planning and Political Theory. *International Jounral of Sociology of Language.* ੧੧੮:੧-੬.

Eckert, T. et al. ੨੦੦੬. Is English a 'killer language', The globalisation of a code. *Ethistling.* ੧:੧੦੬-੧੮

Fasold, R. ੧੯੮੪. *The Sociolinguistics of Society*. Basil Blackwell.

Ferguson, C. ੧੯੬੮. *Language Development.* In C. Ferguson & J. Dasgupta (eds.) pp. ੨੭-੩੬.

Fishman, Joshua A., C. Ferguson & J. Dasgupta. ੧੯੬੮. *Language Problems of Developing Countries*. New York: John Wiley and Sons.

Fishman, J. ੧੯੬੪. Language Maintenance and Language Shift as Fields of Inquiry. *Linguistics.* ੯: ੩੨-੭੦.

_____ . ੧੯੬੫. Who Speaks what Language to Whom and When. *Linguistics.* ੨:੬੭-੮.

_____ (ed.). ੧੯੬੮. *Readings in the Sociology of Language*. The Heague: Mouton.

_____ (ed.). ੧੯੭੪. *Advances in Language Planning*. The Hague : Mouton.

_____ . ੧੯੭੫. The Official Languages of Israel: Their Status in Law and Police Attitudes and Knowledge Concerning Them. In J. Savard and R. Vigneault (eds.), *Multilingual Political Systems: Problems and Solutions*. Quebec: Les preses de I'Universite' Laval pp. ੪੯੭ ੫੩੫.

Ferguson, C. ੧੯੭੭. *Bilingual Education: Current Perspectives*. *Linguistics*: Vol. ੨. pp. ੪੩-੫੨.

Garvin, P. & M. Mathiot. ੧੯੫੬. The Urbanization of Guarani Language. In A.F.C. Wallace (ed.), *Men and Cultures: Selected Papers from the Fifth Internatinal Conference of Anthropological and Ethnological Sciences.* Philadelphia: University of Pennsylvania Press. pp. ੩੬੫-੭੪.

Gonzatez, G. ੧੯੭੭. Teaching Bilingual Children. In, Bilingual Education Current Perspectives. *Linguistics*. pp. ੫੩-੯.

Graddol, David. ੨੦੦੦ (੧੯੯੭). *The Future of English? A Guide to Forecasting the Popularity of the English Language in the ੨੧st century*. The Bitish Council.

Halliday, M.A.K. ੧੯੭੩. *The Linguistic Sciences and Language Teaching.* Longman.

Halliday, M.A.K. ੧੯੭੩. *Explorations in the Functions of Language*. Edward Arnold.

_____ . ੧੯੭੮. *Language as Social Semiotic*. Edward Arnold.

Harries, L. ੧੯੭੬. The Nationalization of Swahili in Kenya. *Language Sciences* ੫. ੨:੧੫੩-੬੪.

Haugen, E. ੧੯੬੬. *Language Conflict and Language Planning: The Case of Modern Norwegian*. Cambridge, MA: Harvard University Press.

_____ .੧੯੬੬. Linguistics and Language. In W. Bright (ed.), *Socioliguistics*. The Hague: Mouton. pp. ੫੦-੭੧.

_____ .੧੯੬੮. Language Planning in Modern Noway. In J. Fishman (ed.). pp. ੬੭੩-੯੬.

Hopkins, T. ੧੯੭੭. The Development and Implementation of the National Language Policy in Kenya. In Kotey & Der Houssikian. pp. ੯੪-੯੬.

Hymes, D. ੧੯੭੨. Models of the Interaction of Language and Social Life. In J.J. Gumperz and D. Hymes, *Directions in Socioliguistics: The Ethrography of Communication*. Holt Rinehart and Winston Inc. pp. ੩੫-੭੧.

Jakobson, R. ੧੯੬੦. Closing Statement: Linguistics and Poetics. In T. A. Sebeok (ed.), *Style in Language*. MIT. pp. ੩੫੦-੭੭.

Jernudd, B. ੧੯੭੩. Language Planning as a Type of Language Treatment. In J. Rubin & R. Shuy (eds), *Language Planning: Current Issues and Research*. Washington, DC: Georgetown University Press. pp. ੧੧-੨੩.

Labov, W. ੧੯੬੬. *The Social Stratification of English in New York City*. Washington, DC: Centre for Applied Linguistics.

_____ .੧੯੭੦. The Study of Language in its Social Context. *Studium Generale*. ੨੩:੩੦੯੭.

Le'vi Strauss, C. ੧੯੭੨. *Structural Anthropology*. Penguin.

Li, C. and S. A. Thompson. ੧੯੭੯. Chinese: Dialect Variation and Language Reform. In T.Shopen (ed.), *Languages and Their Status*. Cambridge, MA: Winthrop Publishers. pp. ੨੯੫-੩੩੨.

Modiano, N. ੧੯੬੬. *Reading Comprehension in the National Language: A Comparative Study of Bilingual and All Spanish Approaches to Reading Instruction in Selected Indian Schools in the Highlands of Chiapas, Mexico.* Ph.D. Dissertation, University of New York.

_____ . ੧੯੭੩. *Indian Education in the Chiapas Highlands*. New York: Holt, Rinchart, and Winston.

Neustupny, J. ੧੯੭੭. Language Planning for Australia. *Language Sciences* ੪੫:੨੮-੩੧.

Paulston, C.B. ੧੯੭੭. Research in Bilingual Education: Current Perspectives. *Linguistics*. pp. ੮੭-੧੫੧.

Polome', E. and C.P. Hill. ੧੯੮੦. *Language in Tanzania*. Oxford: Oxford University Press for the International African Institute.

Ramos, M. et al. ੧੯੬੭. *The Determination and Implementation of Language Policy.* Dobbs Ferry, NY: Oceana Publications.

Rawat, P.S. ੧੯੮੫ (੧੯੯੫). *Midline Medical Dictionary.* New Delhi: B Jain Pvt. Publishers Ltd.

Ray, P.S. ੧੯੬੮. *Language Standardization*. In J. Fishman (ed.). pp. ੭੫੪-੬੫.

Ricardo M.A. & Duran Nolasco. ੨੦੦੯. *੨੧ Reasons why Filipino Children Learn Better while Using their Mother Tongue: A Primer on Mother Tongue-based Multilingual Education (MTBMLE) & Other Issues on Language and Learning in the Philippines.* Guro Formation Forum, University of the Philippines.

Robinson, W.R. ੧੯੭੨. *Language and Social Behaviour*. Penguin.

Rubin, J. ੧੯੭੩. *Language Planning: Discusstion on Some Current Issues*. In Rubin and Shuy (eds.). pp. ੧-੧੦.

Rubin, J. and B. Jernudd (eds.). ੧੯੭੧. *Can Languages be Planned*. Honolulu: University Press of Hawaii.

Rubin, J. & R. Shuy (eds.). ੧੯੭੩. *Language Planning: Current Issues and Research*. Washington, DC : Georgetown University Press.

Singh, Joga. ੨੦੧੩. *International Opinion on Language Issues: Mother Tongue is the Key to Education, Science, Knowledge, and English Learning.* Patiala: Madan Publications.

Skutnabb-Kangas, T. ੧੯੭੫. Bilingualism, Semibilinguism, and Social Achievment. *Paper Presented at the ੪th Internaitonal Congress of Applied Linguistics*. Stuttgart.

_____ . and P. Toukoma. ੧੯੭੬. *Teaching Migrant Children's Mother-Tongue and Learning the Language of the Host Country in the Context of the Socio-cultural Situation of the Migrant Family*. Helsinki: The Finnish National Commission for UNESCO.

Spolsky, B. ੧੯੭੭. American Indian Bilingual Education. *Linguistics* ੧੯:੫੭-੭੨.

Tucker, G.R., ੧੯੭੭. Bilingual Education: Current Perspectives, Vol. ੨. *Linguistics*. Arlington, VA: Centre for Applied Linguistics.

UNDP Report. ੨੦੦੪.

Unesco. ੧੯੫੩. *The Use of Vernacular Languages in Education*. Monographs on Fundamental Education, No. ੮. Paris.

Unesco. ੧੯੬੮. *The Use of Vernacular Languages in Education. In Joshua A. Fishman (ed.),*

Unesco. ੨੦੦੮. *The Improvement in the Quality of Mother Tongue - Based Literacy and Learning.* Bankok: Unesco.

Wijnstra, J. ੧੯੭੮. Education of Children with Frisian Home Language. *Paper Presented at the ੧੯th International Conference on Applied Psychology*. Munich.

Whorf, B.L. ੧੯੬੨. *Language, Thought and Reality.* MIT.

ਜੋਗਾ ਸਿੰਘ. ੨੦੦੨. ਮਾਤ ਭਾਸ਼ਾ ਦਾ ਮਹੱਤਵ. *ਸਮਦਰਸ਼ੀ.* ਦਿੱਲੀ: ਪੰਜਾਬੀ ਅਕਾਦਮੀ

ਜੋਗਾ ਸਿੰਘ. ੨੦੧੩. ਪੰਜਾਬੀ ਨੂ ਕਿੰਨਾ ਕੁ ਖਤਰਾ. *ਫਿਲਹਾਲ* ੧੭:੧੪੩-੫੮.

ਜੋਗਾ ਸਿੰਘ. ੨੦੧੩. *ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ: ਮਾਤ ਭਾਸ਼ਾ ਖੋਲ੍ਹਦੀ ਹੈ ਸਿੱਖਿਆ, ਗਿਆਨ ਅਤੇ ਅੰਗਰੇਜ਼ੀ ਸਿੱਖਣ ਦੇ ਦਰਵਾਜ਼ੇ.* ਲੁਧਿਆਣਾ: ਚੇਤਨਾ ਪ੍ਰਕਾਸ਼ਨ

## ਦੂਜੇ ਪਾਠ ਦੇ ਹਵਾਲੇ ਤੇ ਟਿੱਪਣੀਆਂ

੧. UNESCO. ੨੦੦੩. *Language Vitality and Endangerment.* Paris.

੨. ਇਸ ਬਾਰੇ ਹੋਰ ਵੇਖੋ:

ੳ) ਸੁਖਵਿੰਦਰ ਸਿੰਘ ਸੰਘਾ. ੨੦੦੮. ਪੰਜਾਬੀ ਭਾਖਾ ਅਤੇ ਭਾਖਾ ਸੰਕਟ. *ਆਲੋਚਨਾ* ੫੪-੬੩.

ਅ) ਜੋਗਾ ਸਿੰਘ (ਸੰਪਾ). ੨੦੦੮. *ਆਲੋਚਨਾ (ਭਾਸ਼ਾ ਨੀਤੀ ਵਿਸ਼ੇਸ਼ ਅੰਕ).* ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ

੩. ਇਸ ਲੇਖ ਵਿੱਚ ਯੂਨੈਸਕੋ ਦੀ ਉਤਲੀ ਪੁਸਤਕ ਵਿਚੋਂ ਵੱਡੇ ਪੱਧਰ 'ਤੇ ਮਦਦ ਤੇ ਟੂਕਾਂ ਲਈਆਂ ਗਈਆਂ ਨੇ। ਸਾਰੀਆਂ ਸਾਰਣੀਆਂ ਯੂਨੈਸਕੋ ਦੀ ਲਿਖਤ ਵਿਚੋਂ ਈ ਨੇ। ਲਿਖਾਰੀ ਯੂਨੈਸਕੋ ਦਾ ਧੰਨਵਾਦ ਕਰਦਾ ਏ।

੪. ਵੱਖ-ਵੱਖ ਕਾਰਕਾਂ ਦੇ ਅਧਾਰ 'ਤੇ ਪੰਜਾਬੀ ਦੇ ਸਮੁੱਚੇ ਅੰਕਗਣਿਤੀ ਮੁਲੰਕਣ ਲਈ ਇਸ ਲੇਖ ਦਾ ਨਿਚੋੜ ਭਾਗ (ਪੰਨਾ ੩੬) ਵੇਖੋ।

## ਸਰਬੱਤ ਦਾ ਭਲਾ!